# ਕਾਰਜ ਕਾਲ 6: ਗੇਟ ਸੁਰੱਖਿਆ (GATE CONTROL)

## ਢੁੱਕਵਾਂ ਗਿਆਨ : (RELEVANT KNOWLEDGE)

ਪਹਿਲੇ ਸੈਸ਼ਨਾਂ ਜਾਂ ਕਾਰਜਕਾਲਾਂ ਵਿੱਚ ਕਮਰਿਆਂ, ਰਿਹਾਇਸ਼ੀ ਮਕਾਨਾਂ ਸਟਰੌਂਗ ਰੂਮ ਅਤੇ ਹੋਰ ਛੋਟੇ ਰਿਹਾਇਸ਼ੀ ਕਮਰਿਆਂ ਦੀ ਸੁਰੱਖਿਆ ਬਾਰੇ ਸਿੱਖਿਆ ਹੈ। ਅਸੀਂ ਗੱਡੀਆਂ ਅਤੇ ਸਾਮਾਨ ਦੇ ਪ੍ਰਵੇਸ਼ ਦੀ ਸੁਰੱਖਿਆ ਬਾਰੇ ਵੀ ਸੰਖੇਪ ਵਿੱਚ ਵਿਚਾਰ ਚਰਚਾ ਕੀਤੀ। ਤੁਸੀਂ ਮਹਿਸੂਸ ਕਰੋਗੇ ਕਿ ਜਿਵੇਂ ਜਿਵੇਂ ਕੋਈ ਸੰਸਥਾ ਵੱਡੀ ਹੁੰਦੀ ਹੈ ਉਸ ਦੀ ਸੁਰੱਖਿਆ ਦਾ ਦਾਇਰਾ ਵੀ ਵਧਦਾ ਜਾਂਦਾ ਹੈ। ਇੱਕ ਵੱਡੀ ਸੰਸਥਾ ਜਾਂ ਅਦਾਰੇ ਵਿੱਚ 'ਗੇਟ' ਜਾਂ 'ਮੁੱਖ ਦਰਵਾਜ਼ਾ' ਸੁਰੱਖਿਆ ਯੋਜਨਾ ਵਿੱਚ ਇੱਕ ਮਹੱਤਵਪੂਰਨ ਸਥਾਨ ਹੁੰਦਾ ਹੈ ਕਿਉਂਕਿ ਇਹ ਅਦਾਰੇ ਦਾ ਮੁੱਖ ਪ੍ਰਵੇਸ਼ ਅਤੇ ਬਾਹਰ ਜਾਣ ਵਾਲ਼ਾ ਸਥਾਨ ਜਾਂ ਕੇਂਦਰ ਬਿੰਦੂ ਹੁੰਦਾ ਹੈ। ਅਦਾਰਿਆਂ ਵਿੱਚ, ਜਿੱਥੇ ਸਟਾਫ਼ ਦੀਆਂ ਗੱਡੀਆਂ ਨੂੰ ਖੜ੍ਹਾ ਕਰਨ ਵਾਲ਼ਾ ਸਥਾਨ ਪਾਰਕਿੰਗ ਹੁੰਦਾ ਹੈ, ਉੱਥੇ ਪ੍ਰਵੇਸ਼ ਦੁਆਰ ਜਾਂ ਗੇਟ ਉੱਤੇ ਟੋਕਨ ਜਾਰੀ ਕਰਨ ਦੀ ਰੀਤ ਜਾਂ ਗੱਡੀਆਂ ਦੇ ਆਉਣ ਜਾਣ ਦਾ ਰਿਕਾਰਡ ਆਮ ਤੌਰ ਤੇ ਰੱਖਿਆ ਜਾਂਦਾ ਹੈ। ਇਸ ਸਥਾਨ ਉੱਤੇ ਵਿਅਕਤੀਆਂ ਅਤੇ ਸਮਾਨ ਦੇ ਅੰਦਰ ਅਤੇ ਬਾਹਰ ਜਾਣ ਦੀ ਸਭ ਤੋਂ ਵੱਧ ਆਵਾਜਾਈ ਜਾਰੀ ਰਹਿੰਦੀ ਹੈ। ਇਸ ਲਈ ਗੇਟ ਉੱਤੇ ਸੁਰੱਖਿਆ ਦਾ ਕੰਟਰੋਲ, ਅਦਾਰੇ ਦੀ ਸੁਰੱਖਿਆ ਦਾ ਇੱਕ ਮਹੱਤਵਪੂਰਨ ਤੱਤ ਹੈ।

**ਪ੍ਰਵੇਸ਼ ਦੁਆਰ ਜਾਂ ਗੇਟ ਦਾ ਦਫਤਰ (Gate Office)**

ਆਮ ਤੌਰ ਤੇ, ਸੁਰੱਖਿਆ ਸੰਬੰਧੀ ਕੰਟਰੋਲ-ਰੂਮ ਜਾਂ ਸੁਰੱਖਿਆ-ਵਿਭਾਗ ਦਾ ਦਫਤਰ ਮੁੱਖ-ਦੁਆਰ ਤੇ ਸਥਾਪਤ ਕੀਤਾ ਗਿਆ ਹੁੰਦਾ ਹੈ ਤਾਂ ਕਿ ਸੁਰੱਖਿਆ ਅਤੇ ਗਤੀਵਿਧੀਆਂ ਤੇ ਨਜ਼ਰ ਰੱਖੀ ਜਾ ਸਕੇ। ਮੁੱਖ ਦੁਆਰ ਉੱਤੇ ਕਈ ਤਰ੍ਹਾਂ ਦੇ ਸੁਰੱਖਿਆ ਸੰਬੰਧੀ ਅਤੇ ਕਾਰਜ-ਪ੍ਰਣਾਲੀਆਂ ਸੰਬੰਧੀ ਰਿਕਾਰਡ ਤਿਆਰ ਕੀਤੇ ਜਾਂਦੇ ਹਨ। ਦਰਸ਼ਕਾਂ ਦੀ ਸੰਭਾਲ ਸੰਬੰਧੀ ਪ੍ਰਣਾਲੀ (VMS) ਅਤੇ ਪ੍ਰਵੇਸ਼ ਸੁਰੱਖਿਆ ਸੰਬੰਧੀ ਕਾਰਜ-ਪ੍ਰਣਾਲੀ ਵੀ ਮੁੱਖ ਦੁਆਰ ਗੇਟ ਉੱਤੇ ਲਗਾਈ ਜਾਂਦੀ ਹੈ ਤਾਂ ਕਿ 'ਗੇਟ ਸੰਬੰਧੀ ਸੁਰੱਖਿਆ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਅਹਾਤੇ ਅੰਦਰ ਗੈਰ ਕਾਨੂੰਨੀ ਆਉਣ ਜਾਣ ਨੂੰ ਰੋਕਿਆ ਜਾ ਸਕੇ।

**ਪ੍ਰਵੇਸ਼ ਦੁਆਰ ਤੇ ਗਤੀਵਿਧੀਆਂ (Activites at Gate Area)** 'ਗੇਟ ਏਰੀਆ' ਜਾਂ ਗੇਟ ਵਾਲ਼ਾ ਇਲਾਕਾ ਸੁਰੱਖਿਆ ਸੰਬੰਧੀ ਸਾਰੀਆਂ ਗਤੀਵਿਧੀਆਂ ਵਾਲਾ ਪ੍ਰਮੁੱਖ ਸਥਾਨ ਹੈ। ਇਸ ਇਲਾਕੇ ਵਿੱਚ ਹੋਣ ਵਾਲੀਆਂ ਕੁਝ ਮਹੱਤਵਪੂਰਨ ਗਤੀਵਿਧੀਆਂ ਹੇਠ ਲਿਖੀਆਂ ਹਨ :

**ਗੇਟ ਜਾਂ ਅਦਾਰੇ ਅੰਦਰ ਪ੍ਰਵੇਸ਼ ਨਿਯੰਤਰਨ (Access Control) :** ਅਦਾਰੇ ਦੇ ਗੇਟ ਉੱਤੇ ਨਿਯੰਤਰਨ ਕੀਤਾ ਜਾਂਦਾ ਹੈ ਤਾਂ ਕਿ ਕਿਸੇ ਗੈਰ ਵਿਅਕਤੀ ਜਾਂ ਅਣਅਧਿਕਾਰਿਤ ਵਿਅਕਤੀ ਨੂੰ ਅਹਾਤੇ ਅੰਦਰ ਜਾਣ ਤੋਂ ਰੋਕਿਆ ਜਾ ਸਕੇ। ਆਮ ਤੌਰ ਤੇ, ਗੇਟ ਉੱਤੇ ਵਿਅਕਤੀ ਦੀ ਪਹਿਚਾਣ ਨੂੰ ਯਕੀਨੀ ਬਣਾਉਣ ਲਈ ਪਹਿਚਾਣ ਪੱਤਰਾਂ ਦੀ ਚੈਕਿੰਗ ਕਰਨ ਤੋਂ ਬਾਅਦ ਵਿਅਕਤੀ ਨੂੰ ਅੰਦਰ ਜਾਣ ਦੀ ਆਗਿਆ ਮਿਲ ਜਾਂਦੀ ਹੈ। ਬਹੁਤ ਸਾਰੇ ਸਥਾਨਾਂ ਉੱਤੇ, ਅੰਦਰ ਜਾਣ ਸੰਬੰਧੀ ਸੁਰੱਖਿਆ ਨੂੰ ਕਈ ਪ੍ਰਕਾਰ ਦੇ ਕੰਪਿਊਟਰੀ ਨਿਯੰਤਰਨ ਰਾਹੀਂ ਵੀ ਮਜ਼ਬੂਤ ਬਣਾਇਆ ਜਾਂਦਾ ਹੈ।

ਦਰਸ਼ਕ ਪ੍ਰਬੰਧ ਸਿਸਟਮ ਵੀ, ਪ੍ਰਵੇਸ਼ ਦੁਆਰ ਜਾਂ ਗੇਟ ਉੱਤੇ ਅਹਾਤੇ ਅੰਦਰ ਦਾਖਲ ਹੋਣ ਵਾਲੀ ਸੁਰੱਖਿਆ ਦਾ ਹੀ ਇੱਕ ਹਿੱਸਾ ਹੈ। ਆਮ ਤੌਰ ਤੇ, ਗੇਟ ਪਾਸ ਉਦੋਂ ਬਣਾਇਆ ਜਾਂਦਾ ਹੈ, ਜਦੋਂ ਕੋਈ ਦਰਸ਼ਕ ਨੇ ਅਦਾਰੇ ਦੇ ਅਹਾਤੇ ਅੰਦਰ ਆਉਣਾ ਹੈ ਤਾਂ ਉਸ ਵਿਅਕਤੀ ਦੇ ਸਾਰੇ ਵੇਰਵੇ, ਉਸ ਦੇ ਆਉਣ ਦਾ ਉਦੇਸ਼, ਤੈਨਾਤ ਸੁਰੱਖਿਆ ਕਰਮਚਾਰੀਆਂ ਵੱਲੋਂ ਦਰਜ਼ ਕੀਤਾ ਜਾਂਦਾ ਹੈ। ਵੱਡੀਆਂ ਵੱਡੀਆਂ ਫੈਕਟਰੀਆਂ ਅਤੇ ਅਦਾਰਿਆਂ ਵਿੱਚ 'ਟਾਇਮ ਆਫਿਸ ਸਥਾਪਤ ਕੀਤਾ ਗਿਆ ਹੁੰਦਾ ਹੈ, ਜੋ ਸਬੰਧਤ ਅਦਾਰੇ ਦੇ ਮਜ਼ਦੂਰਾਂ ਦੇ ਅੰਦਰ ਆਉਣ, ਬਾਹਰ ਜਾਣ ਅਤੇ ਉਨ੍ਹਾਂ ਦੀ ਹਾਜ਼ਰੀ ਵੀ ਲਗਾਉਂਦਾ ਹੈ।

**ਤਲਾਸ਼ੀ/ ਪੁੱਛ-ਗਿੱਛ (Search/Frisking) :** ਕਿਸੇ ਵੀ ਤਰ੍ਹਾਂ ਦੇ ਮਨਾਹੀ ਵਾਲੇ ਪਦਾਰਥ ਨੂੰ ਅੰਦਰ ਆਉਣ ਤੋਂ ਰੋਕਣ ਲਈ ਜਿਸ ਨੂੰ ਅਹਾਤੇ ਅੰਦਰ ਲਿਜਾਣ ਦੀ ਇਜ਼ਾਜ਼ਤ ਨਹੀਂ, ਗੇਟ ਉੱਤੇ ਕਈ ਤਰੀਕੇ ਵਰਤੇ ਜਾਂਦੇ ਹਨ, ਅਤੇ ਉਨ੍ਹਾਂ ਵਿੱਚੋਂ ਤਲਾਸ਼ੀ ਜਾਂ ਪੁੱਕ ਗਿੱਛ ਇੱਕ ਹੈ। ਇਸ ਖੇਤਰ ਵਿੱਚ, ਆਮ ਤੌਰ ਤੇ ਵਰਤਿਆ ਜਾਣ ਵਾਲਾ ਸਾਜੋ-ਸਾਮਾਨ ਜਾਂ ਯੰਤਰ ਹੇਠ ਲਿਖੇ ਹਨ :-

**ਹੱਥ ਵਿੱਚ ਫੜੇ ਹੋਏ ਧਾਤੂ ਵਾਲੇ ਡਿਟੈਕਟਰ (HHMD (Hand Held Metal Detectors) :** ਹੱਥ ਵਿੱਚ ਫੜਨ ਵਾਲੇ ਧਾਤੂ ਵਾਲੇ ਡਿਟੈਕਟਰ, ਸੁਰੱਖਿਆ ਕਰਮਚਾਰੀਆਂ ਵੱਲੋਂ ਸਰੀਰ ਦੀ ਤਲਾਸ਼ੀ ਅਤੇ ਸਾਮਾਨ ਦੀ ਚੈਕਿੰਗ ਲਈ ਵਰਤੇ ਜਾਂਦੇ ਹਨ ਤਾਂ ਕਿ ਸਾਮਾਨ ਵਿੱਚ ਛਿਪਾ ਕੇ ਕੋਈ ਧਾਤੂ ਰੱਖੀ ਹੋਈ ਨਾ ਹੋਵੇ, ਜਿਸ ਨੂੰ ਅੰਦਰ ਲੈ ਕੇ ਜਾਣ ਦੀ ਆਗਿਆ ਨਾ ਹੋਵੇ ਅਤੇ ਅਦਾਰੇ ਦੀ ਸੁਰੱਖਿਆ ਅਤੇ ਉਸ ਦੇ ਕੰਮ ਕਾਜ ਤੇ ਕੋਈ ਅਸਰ ਨਾ ਪਵੇ। ਮੁੱਖ ਦੁਆਰ ਜਾਂ ਮੇਟ ਗੇਟ ਕੋਲ ਗੇਟ ਦੇ ਦਫਤਰ ਨੂੰ ਸਥਾਪਤ ਕਰਨ ਦਾ ਮੁੱਖ ਲਾਭ ਇਹ ਹੈ ਕਿ ਇਸ ਨਾਲ ਵਧੀਆ ਨਜ਼ਰਸਾਨੀ ਹੋ ਸਕਦੀ ਹੈ ਅਤੇ ਸੰਸਥਾ ਜਾਂ ਅਦਾਰੇ ਦੇ ਇਰਦ ਗਿਰਦ ਸੰਬੰਧੀ ਸੂਚਨਾ ਮਿਲਦੀ ਰਹਿੰਦੀ ਹੈ। ਇਹ ਪੱਖ ਹੜਤਾਲਾਂ, ਤਾਲਾਬੰਦੀਆਂ ਅਤੇ ਉਦਯੋਗਿਕ ਗੜਬੜੀ ਸਮੇਂ, ਵਿਸ਼ੇਸ਼ ਰੂਪ ਵਿੱਚ ਫਾਇਦੇਮੰਦ ਹੁੰਦਾ ਹੈ।

**ਦਰਵਾਜ਼ੇ ਵਿੱਚ ਫਿੱਟ ਕੀਤਾ ਧਾਤੂ ਵਾਲਾ ਡਿਟੈਕਟਰ : DFMD ( Door Framed Metal Detectors) :** ਦਰਵਾਜ਼ੇ ਵਿੱਚ ਫਿੱਟ ਕੀਤਾ ਹੋਇਆ ਧਾਤੂ ਵਾਲਾ ਡਿਟੈਕਟਰ ਗੇਟ ਤੇ ਇਸ ਲਈ ਲਗਾਇਆਂ ਜਾਂਦਾ ਹੈ ਤਾਂ ਕਿ ਅਦਾਰੇ ਦੇ ਅਹਾਤੇ ਵਿੱਚ ਦਾਖਲ ਹੋਣ ਵਾਲ਼ੇ ਵਿਅਕਤੀ ਨੂੰ ਇਸ ਵਿੱਚ ਦੀ ਲੰਘਣਾ ਪਵੇ। ਡਿਟੈਕਟਰ ਆਵਾਜ਼ ਦਿੰਦਾ ਹੈ ਜੇ ਕਿਸੇ ਵਿਅਕਤੀ ਕੋਲ ਕਿਸੇ ਤਰ੍ਹਾਂ ਦੀ ਧਾਤੂ ਹੋਵੇ ਤਾਂ ਉਸ ਨੂੰ ਚੈੱਕ ਕਰਨ ਦੀ ਜ਼ਰੂਰਤ ਪੈਂਦੀ ਹੈ।

**ਸਾਮਾਨ ਨੂੰ ਚੈੱਕ ਕਰਨ ਵਾਲੀ ਐਕਸ-ਰੇ ਮਸ਼ੀਨ (X Ray Baggage Machine) :** ਇਹ ਮਸ਼ੀਨਾਂ ਗੇਟ ਤੇ ਸੁਰੱਖਿਆ ਵਾਲੇ ਇਲਾਕੇ ਵਿੱਚ ਲਗਾਈਆਂ ਜਾਂਦੀਆਂ ਹਨ। ਇਹ ਮਸ਼ੀਨਾਂ, ਸਾਮਾਨ ਦਾ ਅਸਲੀ ਫੋਟੋ, ਇਸ ਮਸ਼ੀਨ ਨੂੰ ਚਲਾਉਣ ਵਾਲ਼ੇ ਨੂੰ ਦਿੰਦੀਆਂ ਹਨ। ਇਹ ਮਸ਼ੀਨਾਂ ਹੋਟਲਾਂ, ਮਾਲ, ਹਵਾਈ ਅੱਡਿਆਂ, ਮੈਟਰੋ ਸਟੇਸ਼ਨਾਂ ਆਦਿ ਉੱਤੇ ਬਹੁਤ ਲਾਭਦਾਇਕ ਸਿੱਧ ਹੁੰਦੀਆਂ ਹਨ।

**ਗੱਡੀਆਂ ਦੀ ਸਾਂਭ ਸੰਭਾਲ ਜਾਂ ਸੁਰੱਖਿਆ : (Vehicle Control) :** ਆਮ ਤੌਰ 'ਤੇ, ਗੇਟ ਉੱਤੇ ਇੱਕ "ਬੂਮ ਬੈਰੀਅਰ" ਜਾਂ ਜੰਗਲੇ ਵਾਲੀ ਰੋਕ ਲਗਾਈ ਜਾਂਦੀ ਹੈ ਅਤੇ ਗੱਡੀ ਨੂੰ ਚੈਕਿੰਗ ਕਰਨ ਤੋਂ ਬਾਅਦ ਅਤੇ ਦਾਖਲ ਹੋਣ ਦੀ ਇਜ਼ਾਜ਼ਤ ਮਿਲਣ ਤੋਂ ਬਾਅਦ ਅੰਦਰ ਦਾਖਲ ਕਰ ਲਿਆ ਜਾਂਦਾ ਹੈ। ਆਮ ਤੌਰ ਤੇ ਆਗਿਆ ਪ੍ਰਾਪਤ ਗੱਡੀਆਂ ਉੱਤੇ ਪਹਿਚਾਣ ਦੇ ਰੂਪ ਵਿੱਚ ਜਾਂ ਤਾਂ ਸਟਿੱਕਰ ਜਾਂ ਕਿਸੇ ਸਮਰੱਥ ਅਧਿਕਾਰੀ ਵੱਲੋਂ ਪਾਸ ਜਾਰੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਜੇ ਗੱਡੀ ਦੇ ਡਰਾਈਵਰ ਕੋਲ ਪਾਸ ਵੀ ਹੋਵੇ, ਫਿਰ ਵੀ ਗੇਟ ਉੱਤੇ ਗੱਡੀ ਦੀ ਤਲਾਸ਼ੀ ਲੈਣੀ ਚਾਹੀਦੀ ਹੈ। ਗੱਡੀ ਦੀ ਤਲਾਸ਼ੀ ਲਈ ਵਰਤੇ ਜਾਣ ਵਾਲੇ ਸ਼ੀਸ਼ਿਆਂ ਦੀ ਮਦਦ ਨਾਲ ਇਹ ਤਲਾਸ਼ੀ ਲਈ ਜਾਂਦੀ ਹੈ। ਇਸ ਦੀ ਵਰਤੋਂ ਗੱਡੀ ਦੇ ਹੇਠਾਂ ਲੁਕੋ ਕੇ ਰੱਖੇ ਹੋਏ ਸ਼ੱਕੀ ਸਾਮਾਨ ਦੀ ਤਲਾਸ਼ੀ ਲਈ ਕੀਤੀ ਜਾਂਦੀ ਹੈ।

**ਸਾਜੋ ਸਾਮਾਨ ਦੀ ਰਾਖੀ ਜਾਂ ਜ਼ਰੂਰੀ ਸਾਮਾਨ ਦੀ ਸੁਰੱਖਿਆ : (Material Control) :** ਗੇਟ ਕੰਟਰੋਲ ਜਾਂ ਗੇਟ ਤੇ ਦਿੱਤੀ ਜਾਣ ਵਾਲੀ ਸੁਰੱਖਿਆ ਦਾ ਇੱਕ ਹੋਰ ਪੱਖ ਇਹ ਹੈ ਕਿ ਇੱਥੇ ਸਾਮਾਨ ਦੀ ਚੈਕਿੰਗ, ਸੁਰੱਖਿਆ ਅਤੇ ਸਾਮਾਨ ਦੇ ਅੰਦਰ ਬਾਹਰ ਜਾਣ ਵਾਲ਼ੇ ਸਾਮਾਨ ਲਈ ਹਮੇਸ਼ਾ ਗੇਟ ਪਾਸ ਦੀ ਜ਼ਰੂਰਤ ਹੁੰਦੀ ਹੈ। ਗੇਟ ਉੱਤੇ ਅੰਦਰ ਆਉਣ ਅਤੇ ਬਾਹਰ ਜਾਣ ਵਾਲ਼ੇ ਸਾਰੇ ਸਾਮਾਨ ਦੇ ਕਾਗਜ਼ ਤਿਆਰ ਕੀਤੇ ਜਾਂਦੇ ਹਨ। ਕੁਝ ਕਾਰਖਾਨਿਆਂ ਵਿੱਚ, ਗੇਟ ਦੇ ਕੋਲ, 'ਵੇ ਬਰਿੱਜ' ਭਾਰ ਲੰਘਾਉਣ ਵਾਲ਼ਾ ਜਾਂ ਭਾਰ ਤੋਲ ਕੇ ਲੰਘਾਇਆ ਜਾਣ ਵਾਲ਼ਾ ਯੰਤਰ ਲਗਾਇਆ ਹੋਇਆ ਹੋ ਸਕਦਾ ਹੈ।

**ਇੰਤਜ਼ਾਰ ਕਰਨ ਦਾ ਖੇਤਰ (Waiting Area) :** ਅਦਾਰੇ ਅੰਦਰ ਆਉਣ ਵਾਲੇ ਦਰਸ਼ਕਾਂ ਨੂੰ ਕੁਝ ਕਾਰਨਾਂ ਕਰਕੇ ਇੰਤਜ਼ਾਰ ਕਰਨਾ ਪੈਂਦਾ ਹੈ। ਗੇਟ ਵਾਲ਼ੇ ਖੇਤਰ ਵਿੱਚ ਇੱਕ ਵੇਟਿੰਗ ਰੂਮ ਜਾਂ 'ਇੰਤਜ਼ਾਰ ਘਰ' ਬਣਾਉਣ ਦੀ ਜਰੂਰਤ ਹੈ। ਇੰਤਜ਼ਾਰ ਕਰਨ ਵਾਲਾ ਇਹ ਖੇਤਰ ਰਿਪੋਰਟ ਕਰਨ ਜਾਂ ਸੂਚਨਾ ਕੇਂਦਰ ਦੇ ਰੂਪ ਵਿੱਚ ਵੀ ਕੰਮ ਕਰ ਸਕਦਾ ਹੈ ਜਾਂ ਅਜਿਹੇ ਸਥਾਨ ਦੇ ਰੂਪ ਵਿੱਚ ਜਿੱਥੇ ਵਿਅਕਤੀਆਂ ਨੂੰ ਇਕੱਠਾ ਕੀਤਾ ਜਾ ਸਕੇ ਜਾਂ ਅਸੈਂਬਲੀ ਹਾਲ ਦੇ ਰੂਪ ਵਿੱਚ ਵੀ ਵਰਤਿਆ ਜਾ ਸਕਦਾ ਹੈ।

**ਸੂਚਨਾ-ਕੰਬਣ (Communication Node) :** ਗੇਟ ਵਾਲਾ ਦਫਤਰ ਸੂਚਨਾ ਦੇਣ ਦੇ ਸਾਧਨ ਵਜੋਂ ਵੀ ਕੰਮ ਕਰ ਸਕਦਾ ਹੈ। ਇਸ ਦੀ ਮਦਦ ਨਾਲ ਹੇਠ ਲਿਖੀਆਂ ਗਤੀਵਿਧੀਆਂ ਹੋ ਸਕਦੀਆਂ ਹਨ।

(i) ਸਾਰੇ ਹੀ ਜ਼ਰੂਰੀ ਪੱਤਰ, ਤਾਰਾਂ ਜਾਂ ਟੈਲੀਗ੍ਰਾਮਾਂ ਅਤੇ ਦਫਤਰ ਦੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਸੁਨੇਹੇ ਪ੍ਰਾਪਤ ਕਰਨੇ।

(ii) ਸੁਨੇਹੇ ਪ੍ਰਾਪਤ ਕਰਨੇ ਅਤੇ ਅੱਗੇ ਉਨ੍ਹਾਂ ਸੁਨੇਹਿਆਂ ਅਤੇ ਜ਼ਰੂਰੀ ਗੱਲਾਂ ਨੂੰ ਨੋਟ ਕਰਕੇ, ਅਫਸਰਾਂ ਤੱਕ, ਉਨ੍ਹਾਂ ਨੂੰ ਨਿੱਜੀ ਤੌਰ ਤੇ ਪਹੁੰਚਾਉਣਾ।

(iii) ਗੱਡੀਆਂ, ਡਰਾਈਵਰਾਂ ਅਤੇ ਹੋਰ ਅਧਿਕਾਰੀਆਂ ਲਈ ਨਿਰਦੇਸ਼ਨ ਪ੍ਰਾਪਤ ਕਰਨੇ ਅਤੇ ਅੱਗੇ ਉਨ੍ਹਾਂ ਨੂੰ ਪਹੁੰਚਾਉਣਾ, ਜੋ ਗੇਟ ਰਾਹੀਂ ਲੰਘਦੇ ਹਨ।

(iv) ਅੱਗ ਲੱਗ ਜਾਣ ਦੀ ਸੂਰਤ ਵਿੱਚ, ਅੱਗ ਬੁਝਾਉਣ ਵਾਲ਼ੇ ਅਫਸਰ ਅਤੇ ਹੋਰ ਸਬੰਧਤ ਅਫਸਰਾਂ ਨੂੰ ਸੂਚਿਤ ਕਰਨਾ। ਗੇਟ ਉੱਤੇ ਤੈਨਾਤ ਅਫਸਰ ਵੀ ਸਥਾਨਕ ਫਾਇਰ ਬ੍ਰਿਗੇਡ ਨੂੰ ਟੈਲੀਫੋਨ ਕਰੇਗਾ ਅਤੇ ਇਸ ਦੇ ਨਾਲ ਹੀ ਮਦਦ ਕਰਨ ਲਈ ਫਾਇਰ ਸਟੇਸ਼ਨਾਂ ਨੂੰ ਸੂਚਿਤ ਕਰੇਗਾ।

(v) ਤੈਅ ਸ਼ੁਦਾ ਨਿਯਮਾਂ ਅਨੁਸਾਰ, ਸਮੇਂ ਦੀ ਨਜ਼ਾਕਤ ਅਨੁਸਾਰ ਉੱਚੀ ਆਵਾਜ਼ ਵਾਲਾ ਜਾਂ ਹੂਟਰ ਵਜਾਇਆ ਜਾਵੇਗਾ ਜਾਂ ਜ਼ਰੂਰਤ ਅਨੁਸਾਰ ਅਨਾਊਂਸਮੈਂਟਾਂ ਵੀ ਕਰਵਾਈਆਂ ਜਾ ਸਕਦੀਆਂ ਹਨ।

**ਸਾਜੋ-ਸਾਮਾਨ ਵਾਲੇ ਸਟੋਰ (Equipment Store) :** ਗੇਟ ਵਾਲੇ ਦਫਤਰ ਵਿੱਚ ਸੁਰੱਖਿਆ ਸੰਬੰਧੀ ਅਤੇ ਸੰਚਾਰ ਦੇ ਯੰਤਰਾਂ ਵਾਲ਼ਾ ਸਟੋਰ ਵੀ ਸਥਾਪਤ ਕੀਤਾ ਜਾ ਸਕਦਾ ਹੈ। ਇਸ ਵਿੱਚ ਸਟਰੌਂਗ-ਰੂਮ ਸਥਾਪਤ ਕੀਤਾ ਜਾ ਸਕਦਾ ਹੈ ਜਿੱਥੇ ਸੁਰੱਖਿਆ ਕਰਮਚਾਰੀਆਂ ਵੱਲੋਂ ਵਰਤੇ ਜਾਣ ਵਾਲੇ ਹਥਿਆਰ ਰੱਖੇ ਜਾ ਸਕਦੇ ਹਨ।

**ਚਾਬੀਆਂ ਦੀ ਸੰਭਾਲ (Key Control) :** ਗੇਟ ਆਫ਼ਿਸ ਜਾਂ ਗੇਟ ਵਾਲੇ ਦਫਤਰ ਤੇ ਅਸਲੀ ਚਾਬੀਆਂ ਨੂੰ ਸੰਭਾਲਣ ਦੀ ਸਹੂਲਤ ਦਿੱਤੀ ਜਾ ਸਕਦੀ ਹੈ ਅਤੇ ਇੱਥੋਂ ਹੀ ਪ੍ਰਮੁੱਖ ਸੁਰੱਖਿਆ ਵਾਲ਼ੇ ਕੰਮ ਵੀ ਕੀਤੇ ਜਾ ਸਕਦੇ ਹਨ।

**ਚੋਗੇ ਜਾਂ ਵਰਦੀਆਂ ਵਾਲਾ ਕਮਰਾ (Cloak Room) :** ਦਰਸ਼ਕਾਂ ਲਈ ਅੰਦਰ ਜਾਣ ਲਈ ਚੋਗੇ (Cloak Room) ਦੀ ਸਹੂਲਤ ਇੱਥੇ ਦਿੱਤੀ ਜਾ ਸਕਦੀ ਹੈ। ਇਹ ਉਨ੍ਹਾਂ ਦਰਸ਼ਕਾਂ ਲਈ ਵਿਸ਼ੇਸ਼ ਤੌਰ ਤੇ ਹੋ ਸਕਦੀ ਹੈ, ਜਿਨ੍ਹਾਂ ਨੂੰ ਅੰਦਰ ਜਾਣ ਦੀ ਇਜ਼ਾਜ਼ਤ ਨਾ ਮਿਲੀ ਹੋਵੇ ਜਾਂ ਕੋਈ ਮਨਾਹੀ ਵਾਲੀਆਂ ਜਾਂ ਅਦਾਰੇ ਵਿੱਚ ਰੱਖੀਆਂ ਹੋਈਆਂ ਹੋਰ ਵਸਤੂਆਂ ਅੰਦਰ ਨੂੰ ਲਿਜਾਣ ਦੇ ਯੋਗ ਨਾ ਹੋਣ।

**ਗੁੰਮ ਹੋਣ ਅਤੇ ਲੱਭਣ ਦੀ ਸਹੂਲਤ (Lost and Found Facility) :** ਇਹ ਸਹੂਲਤ ਆਮ ਤੌਰ ਤੇ ਗੇਟ ਤੇ ਉਪਲਬਧ ਹੁੰਦੀ ਹੈ, ਕਿਉਂਕਿ ਜ਼ਿਆਦਾਤਰ ਲੋਕ ਇੱਥੇ ਗੁੰਮ ਹੋਈਆਂ ਜਾਂ ਲੱਭ ਪੈਣ ਵਾਲੀਆਂ ਵਸਤੂਆਂ ਬਾਰੇ ਦੱਸਣ ਜਾਂ ਪ੍ਰਾਪਤ ਕਰਨ ਲਈ ਸੰਪਰਕ ਕਰਦੇ ਹਨ।

**ਡਿਊਟੀ ਰੂਮ (Duty Room) :** ਗੇਟ ਵਾਲੇ ਖੇਤਰ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਥੇ ਡਿਊਟੀ ਰੂਮ ਸਥਾਪਤ ਕੀਤਾ ਜਾਂਦਾ ਹੈ, ਜਿੱਥੇ ਨਜ਼ਰਸਾਨੀ ਲਈ ਹਰ ਵਕਤ ਅਫਸਰ ਤੈਨਾਤ ਰਹਿੰਦਾ ਹੈ।

**ਹਾਜ਼ਰੀ ਲਗਾਉਣ ਵਾਲਾ ਖੇਤਰ (Muster Area) :** ਆਮ ਤੌਰ 'ਤੇ ਇੱਥੇ ਸੁਰੱਖਿਆ ਕਰਮਚਾਰੀਆਂ ਦੀ ਹਾਜ਼ਰੀ ਲਗਾਈ ਜਾਂਦੀ ਹੈ ਅਤੇ ਸੁਰੱਖਿਆ ਸੰਬੰਧੀ ਜਰੂਰੀ ਹਦਾਇਤਾਂ ਦਿੱਤੀਆਂ ਜਾ ਸਕਦੀਆਂ ਹਨ।

**ਦਸਤਾਵੇਜ਼ੀਕਰਨ (Documentation) :** ਗੇਟ ਆਫਿਸ 'ਤੇ ਰਜਿਸਟਰ ਰੱਖੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਪ੍ਰਬੰਧਕਾਂ ਦੀ ਹਦਾਇਤ ਅਨੁਸਾਰ ਤਿਆਰ ਕੀਤਾ ਜਾਂਦਾ ਹੈ। ਗੇਟ ਆਫਿਸ ਤੇ ਤਿਆਰ ਕਰਕੇ ਰੱਖੇ ਗਏ ਮਹੱਤਵਪੂਰਨ ਰਜਿਸਟਰ ਜਾਂ ਦਸਤਾਵੇਜ਼ ਹੇਠ ਲਿਖੇ ਹੋ ਸਕਦੇ ਹਨ :

(i) ਦਰਸ਼ਕ-ਰਜਿਸਟਰ

(ii) ਗੱਡੀਆਂ ਦਾ ਅੰਦਰ/ਬਾਹਰ ਜਾਣ ਆਉਣ ਵਾਲ਼ਾ ਰਜਿਸਟਰ

(iii) ਚਾਬੀਆਂ ਦੇ ਰਿਕਾਰਡ ਵਾਲ਼ਾ ਰਜਿਸਟਰ

(iv) ਅੰਦਰ, ਬਾਹਰ ਆਉਣ ਜਾਣ ਵਾਲ਼ੇ ਸਾਮਾਨ ਦੇ ਰਿਕਾਰਡ ਵਾਲ਼ਾ ਰਜਿਸਟਰ

(v) ਕਰਮਚਾਰੀਆਂ ਦੇ ਬਾਹਰ ਜਾਣ ਵਾਲ਼ੇ ਆਗਿਆ-ਪੱਤਰ (ਆਊਟ-ਪਾਸ) ਵਾਲ਼ਾ ਰਜਿਸਟਰ।

(vi) ਠੇਕੇ ਤੇ ਰੱਖੇ ਹੋਏ ਮਜ਼ਦੂਰਾਂ ਸੰਬੰਧੀ ਰਜਿਸਟਰ

(vii) ਸੁਰੱਖਿਆ ਸਾਮਾਨ ਜਾਰੀ ਕਰਨ ਸੰਬੰਧੀ ਰਜਿਸਟਰ

(viii) ਅੱਗ ਬੁਝਾਉਣ ਦਾ ਅਭਿਆਸ ਕਰਨ ਸੰਬੰਧੀ ਰਜਿਸਟਰ

(ix) ਚਲਾਨ/ਬਿੱਲ ਜਾਂ ਰਸੀਦਾਂ ਵਾਲ਼ਾ ਰਜਿਸਟਰ

ਗੇਟ ਉੱਤੇ ਸੁਰੱਖਿਆ ਸੰਬੰਧੀ ਹਰ ਗਤੀਵਿਧੀ ਕਿਸੇ ਨਾ ਕਿਸੇ ਢੰਗ ਨਾਲ ਨੋਟ ਕੀਤੀ ਜਾਂਦੀ ਹੈ। ਫਾਇਲਾਂ ਜਾਂ ਰਜਿਸਟਰਾਂ ਵਿੱਚ ਨਿਰੀਖਣ ਸੰਬੰਧੀ ਰਿਪੋਰਟਾਂ ਨੂੰ ਦਰਜ਼ ਕੀਤਾ ਜਾਂਦਾ ਹੈ ਤਾਂ ਕਿ ਇਹ ਯਕੀਨੀ ਕੀਤਾ ਜਾ ਸਕੇ ਕਿ ਕੁਝ ਵੀ ਅਣਡਿੱਠਾ ਨਹੀਂ ਕੀਤਾ ਗਿਆ।ਸੀ.ਸੀ.ਟੀ.ਵੀ.ਕੈਮਰੇ ਗੇਟਾਂ ਉੱਤੇ ਲਗਾਏ ਜਾਂਦੇ ਹਨ, ਇਨ੍ਹਾਂ ਨਾਲ ਹਰ ਗਤੀਵਿਧੀ ਪੂਰੀ ਰਿਕਾਰਡ ਕੀਤੀ ਜਾਂਦੀ ਹੈ।

## ਅਭਿਆਸ (Exercise)

**ਆਉਣ ਜਾਣ ਵਾਲ਼ਿਆਂ ਜਾਂ ਦਰਸ਼ਕ ਰਜਿਸਟਰ ਵਿੱਚ ਦਰਜ਼ ਕਰੋ।**

**ਅਲੱਗ ਸੀਟ ਜਾਂ ਕਾਗਜ਼ ਦੀ ਵਰਤੋਂ ਕਰੋ।**

**ਦਰਸ਼ਕ ਰਜਿਸਟਰ ਦਾ ਖਾਕਾ**

| | | | | | |
|---|---|---|---|---|---|
| (1) **ਦਰਸ਼ਕ ਪਾਸ ਬੈਜ ਨੰ:** | (2) **ਦਰਸ਼ਕ ਦਾ ਨਾਂ** | (3) **ਪਤਾ** | (4) **ਕਿਸ ਨੂੰ ਮਿਲਣਾ ਹੈ** | (5) **ਮਿਲਣ ਦਾ ਉਦੇਸ਼** | (6) **ਸੰਪਰਕ ਨੰ:** |
| (7) ਅੰਦਰ ਆਉਣ ਦਾ ਸਮਾਂ | (8) ਦਰਸ਼ਕ ਦੇ ਹਸਤਾਖਰ | (9) ਬਾਹਰ ਜਾਣ ਦਾ ਸਮਾਂ | (10) ਜ਼ਿੰਮੇਵਾਰ ਵਿਅਕਤੀ ਦੇ ਹਸਤਾਖਰ | (11) ਵਿਸ਼ੇਸ਼ ਕਥਨ | |

## ਮੁਲਾਂਕਣ (Assessment)

### ਛੋਟੇ ਜਵਾਬ ਵਾਲੇ ਪ੍ਰਸ਼ਨ (Short Answer Questions)

1. ਮੇਨ ਗੇਟ ਦੇ ਨੇੜੇ ਕੰਟਰੋਲ ਰੂਮ ਹੋਣ ਦੇ ਕੀ ਕੀ ਲਾਭ ਹਨ ?

2. ਗੇਟ ਵਾਲ਼ੇ ਖੇਤਰ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਦੀ ਸੂਚੀ ਬਣਾਓ।

3. ਗੇਟ ਵਾਲ਼ੇ ਖੇਤਰ ਵਿੱਚ ਕਿਹੜੀਆਂ ਕਿਹੜੀਆਂ ਮਹੱਤਵਪੂਰਨ ਗਤੀਵਿਧੀਆਂ ਕੀਤੀਆਂ ਜਾ ਸਕਦੀਆਂ ਹਨ।

4. ਗੇਟ ਕੋਲ ਬਣਾਏ ਗਏ ਸਾਮਾਨ ਕੰਟਰੋਲ ਬਾਰੇ ਇੱਕ ਸੰਖੇਪ ਨੋਟ ਲਿਖੋ।

5. ਗੇਟ ਉੱਤੇ ਤਿਆਰ ਕੀਤੇ ਜਾਣ ਵਾਲ਼ੇ ਮਹੱਤਵਪੂਰਨ ਦਸਤਾਵੇਜ਼ਾਂ ਦੀ ਸੂਚੀ ਬਣਾਓ।

6. ਗੇਟ ਉੱਤੇ ਤਿਆਰ ਕੀਤੇ ਜਾਣ ਵਾਲੇ ਮਹੱਤਵਪੂਰਨ ਦਸਤਾਵੇਜ਼ਾਂ ਦੀ ਸੂਚੀ ਬਣਾਓ।

7. ਗੇਟ ਵਾਲਾ ਇਲਾਕਾ ਜਾਂ ਖੇਤਰ ਸੀ.ਸੀ.ਟੀ.ਵੀ. ਦੀ ਨਿਗਰਾਨੀ ਹੇਠ ਕਿਉਂ ਰੱਖਿਆ ਜਾਂਦਾ ਹੈ ?

## ਮੁਲਾਂਕਣ ਲਈ ਦਸਤਾਵੇਜ਼ਾਂ ਦੀ ਸੂਚੀ (Checklist for Assesment Activity)

ਹੇਠ ਲਿਖੀ ਦਸਤਾਵੇਜ਼ ਸੂਚੀ ਦੀ ਵਰਤੋਂ ਕਰੋ ਅਤੇ ਦੇਖੋ ਕਿ ਕੀ ਸਾਰੀਆਂ ਗਤੀਵਿਧੀਆਂ ਮੁਲਾਂਕਣ ਲਈ ਪੂਰੀਆਂ ਕਰ ਲਈਆਂ ਹਨ।

### ਭਾਗ (ੳ) (Part-A)

**ਜਨਤਕ ਸਥਾਨਾਂ ਅਤੇ ਮਨਾਹੀ ਵਾਲ਼ੇ ਸਥਾਨਾਂ ਉੱਤੇ ਲਗਾਏ ਜਾਣ ਵਾਲ਼ੇ ਨਾਕਿਆਂ ਅਤੇ ਸੁਰੱਖਿਆ ਗਤੀਵਿਧੀਆਂ ਵਿੱਚ ਅੰਤਰ ਸਮਝਾਇਆ ਗਿਆ।**

1. **ਅਹਾਤਾ ਇਮਾਰਤ ਦੀ ਸੁਰੱਖਿਆ ਅਤੇ ਤਲਾਸ਼ੀ**
2. **ਹੱਥ 'ਚ ਫੜ ਕੇ ਵਰਤੇ ਜਾਣ ਵਾਲ਼ੇ ਧਾਤੂ ਵਾਲੇ ਡਿਟੈਕਟਰ ਅਤੇ ਦਰਵਾਜ਼ੇ**
3. **ਗੱਡੀਆਂ ਦਾ ਕੰਟ੍ਰੋਲ ਜਾਂ ਸੁਰੱਖਿਆ ਅਤੇ ਸਾਮਾਨ ਦੀ ਸੁਰੱਖਿਆ**

### ਭਾਗ (ਅ) (Part-B)

**ਜਮਾਤ ਵਿੱਚ ਹੇਠ ਲਿਖੇ 'ਤੇ ਚਰਚਾ ਕੀਤੀ ਗਈ :**

1. **ਤਲਾਸ਼ੀ ਕਿਉਂ ਲਈ ਜਾਂਦੀ ਹੈ ?**
2. **ਨੱਠ ਭੱਜ ਕਿਉਂ ਕੀਤੀ ਜਾਂਦਾ ਹੈ ?**
3. **ਮੇਨ ਗੇਟ ਤੇ ਤਿਆਰ ਕਰਕੇ ਰੱਖੇ ਜਾਣ ਵਾਲੇ ਸੁਰੱਖਿਆ ਸੰਬੰਧੀ ਦਸਤਾਵੇਜ਼ ਕਿਹੜੇ ਕਿਹੜੇ ਹਨ ?**

## ਭਾਗ (ਅ) (Part-C)

ਕਾਰਗੁਜ਼ਾਰੀ ਦੇ ਪੱਧਰ

**ਕਾਰਗੁਜ਼ਾਰੀ ਪੱਧਰਾਂ 'ਚ ਸ਼ਾਮਲ ਕੀਤੇ ਜਾ ਸਕਦੇ ਹਨ, ਪਰ ਇੱਥੋਂ ਤੱਕ ਸੀਮਿਤ ਨਹੀਂ**

| ਕਾਰਗੁਜ਼ਾਰੀ ਦੇ ਪੱਧਰ | ਹਾਂ | ਨਹੀਂ |
|---|---|---|
| ਦਰਸ਼ਕ ਰਜਿਸਟਰ 'ਚ ਦਰਜ ਕਰੋ | | |
| ਸਾਫ਼-ਸਫ਼ਾਈ ਲਈ ਤਿਆਰ ਕੀਤੇ ਖੇਤਰ ਅਤੇ ਇੰਤਜ਼ਾਰ ਖੇਤਰ ਦਾ ਨਿਰੀਖਣ ਕਰੋ। | | |
| ਪ੍ਰਵੇਸ਼ ਜਾਂ ਅੰਦਰ ਆਉਣ ਵਾਲ਼ੇ ਖੇਤਰ ਦੇ ਸੁਰੱਖਿਆ ਖੇਤਰ ਦੀ ਪਹਿਚਾਣ ਕਰੋ। | | |
| ਅਦਾਰਾ ਇਮਾਰਤ ਦੀ ਸੁਰੱਖਿਆ ਕਰਨ ਵਾਲ਼ੇ ਯੰਤਰ ਨੂੰ ਚਲਾ ਕੇ ਦੇਖੋ। | | |
| ਗੈਰ ਕਾਨੂੰਨੀ ਪ੍ਰਵੇਸ਼ ਦੀ ਸੂਚਨਾ ਜਾਂ ਰਿਪੋਰਟ ਕਰਨ ਬਾਰੇ ਦੱਸੋ ਜਾਂ ਕਾਨੂੰਨੀ ਪ੍ਰਵੇਸ਼ ਦੀ ਸੂਚਨਾ ਦਿਓ | | |
| ਤੈਅ ਕਰਤਾ ਕਾਰਜ ਵਿਧੀ ਅਨੁਸਾਰ ਅਦਾਰਾ ਅਹਾਤੇ ਦੀ ਸੁਰੱਖਿਆ ਕਰੋ। | | |

# ਖੇਤਰ :ਸੁਰੱਖਿਆ

ਐੱਨ ਐੱਸ ਕਿਊ ਐੱਫ ਪੱਧਰ 4 (ਬਾਰ੍ਹਵੀਂ ਸ਼੍ਰੇਣੀ)

ਐੱਸ ਐੱਸ 402 ਐਨ ਕਿਊ 2016

## ਸੁਰੱਖਿਆ ਕਾਰਵਾਈਆਂ ਵਿੱਚ ਵਿਗਿਆਨਕ ਤਕਨੀਕੀ ਸਹਾਇਕ ਸਮੱਗਰੀ ਬਾਰੇ ਜਾਣਕਾਰੀ

## ਵਿਦਿਆਰਥੀ ਕਾਰਜ-ਪੁਸਤਕ

# ਵਿਸ਼ਾ-ਸੂਚੀ


| | |
|---|---|
| ਭੂਮਿਕਾ | 41 |
| ਕਾਰਜਕਾਲ1: ਪ੍ਰਵੇਸ਼ ਸੁਰੱਖਿਆ ਸੰਬੰਧੀ ਸਮੱਗਰੀ | 42 |
| ਕਾਰਜਕਾਲ2: ਸਕੈਨਿੰਗ ਅਤੇ ਤਲਾਸ਼ੀ | 46 |
| ਕਾਰਜਕਾਲ3: ਸੀ ਸੀ ਟੀ ਵੀ ਪ੍ਰਣਾਲੀ ਅਤੇ ਸਮੱਗਰੀ | 51 |
| ਕਾਰਜਕਾਲ4: ਜਨਤਕ ਸੰਬੋਧਨ ਪ੍ਰਣਾਲੀ | 55 |

## ਭੂਮਿਕਾ INTRODUCTION



ਸੁਰੱਖਿਆ ਹਰੇਕ ਵਿਅਕਤੀ ਦੀ ਜਰੂਰਤ ਬਣ ਗਈ ਹੈ। ਇਸ ਨਾਲ ਇਕ ਸੁਰੱਖਿਅਤ ਵਾਤਾਵਰਣ ਮਿਲਦਾ ਹੈ, ਜਿਸ ਵਿਚ ਲੋਕ ਆਪਣੇ ਹਰ ਰੋਜ਼ ਦੇ ਕੰਮ ਅਤੇ ਵਣਜ-ਵਪਾਰ ਕਰ ਸਕਦੇ ਹਨ। ਤੇਜ਼ੀ ਨਾਲ ਬਦਲ ਰਹੇ ਸਮਾਜਿਕ ਅਤੇ ਤਕਨੀਕੀ-ਵਿਗਿਆਨ ਨਾਲ ਸੰਬੰਧਿਤ ਵਾਤਾਵਰਣ ਵਿਚ, ਸੁਰੱਖਿਆ ਦੇ ਪੱਖਾਂ ਦੀ ਸਮਝ, ਕਾਰਵਾਈਆਂ ਅਤੇ ਆਧੁਨਿਕ ਸਮੱਗਰੀ ਦੀ ਵਰਤੋਂ ਦੀ ਸੁਰੱਖਿਆ ਵਿੱਚ ਮਹੱਤਤਾ ਬਹੁਤ ਵਧ ਗਈ ਹੈ।

ਸੁਰੱਖਿਆ ਦੀਆਂ ਤਕਨੀਕੀ-ਵਿਗਿਆਨ ਸੰਬੰਧੀ ਕਾਰਜ-ਵਿਧੀਆਂ ਜਾਂ ਯੰਤਰ (ਸਹਾਇਕ ਸਮੱਗਰੀ ਵੀ ਕਿਹਾ ਜਾਂਦਾ ਹੈ) ਜਿਵੇਂ:- ਅਲਾਰਮ, ਸੀ. ਸੀ. ਟੀ. ਵੀ ਕੈਮਰੇ, ਡਿਟੈੱਕਟਰ (ਪਤਾ ਕਰਨ ਵਾਲਾ ਯੰਤਰ) ਅਤੇ ਪ੍ਰਵੇਸ਼ ਸੁਰੱਖਿਆ ਜਾਂ ਅੰਦਰ ਆਉਣ ਸੰਬੰਧੀ ਸੁਰੱਖਿਆ ਲਈ ਐਕਸ-ਰੇ, ਪਹਿਚਾਣ-ਪ੍ਣਾਲੀਆਂ (ਜਿਵੇਂ ਬਿਜਲਈ ਚੁੰਬਕੀ ਕਾਰਡ ਰੀਡਰਜ਼ ਬਾਇਓਮੀਟ੍ਰਿਕਸ) ਆਦਿ ਦੀ ਸਮੁੱਚੇ ਸੁਰੱਖਿਆ ਸਿਸਟਮ ਵਿਚ ਕਾਫੀ ਮਾਤਰਾ ਵਿਚ ਵਰਤੋਂ ਕੀਤੀ ਜਾਂਦੀ ਹੈ।

21ਵੀਂ ਸਦੀ ਵਿੱਚ ਤਕਨੀਕੀ ਵਿਗਿਆਨ ਵਿੱਚ ਜ਼ਿਕਰਯੋਗ ਤਰੱਕੀ ਹੋਈ ਹੈ। ਇਸ ਦਾ ਪਸਾਰ ਫੌਜ ਅਤੇ ਨਾਗਰਿਕ ਵਰਤੋਂ ਤਕ ਹੋਇਆ ਹੈ। ਸੁਰੱਖਿਆ ਲਈ ਤਕਨੀਕੀ ਵਿਗਿਆਨ ਦੀ ਉਪਯੋਗਤਾ ਬਹੁ-ਪਰਤੀ ਜਾਂ ਕਈ ਪੱਖਾਂ ਵਾਲੀ ਹੈ ਅਤੇ ਅੱਜ-ਕੱਲ੍ਹ ਇਸ ਨੂੰ ਕੌਮੀ-ਸੁਰੱਖਿਆ ਕਾਰਜ-ਵਿਧੀਆਂ ਦੇ ਮਹੱਤਵਪੂਰਨ ਸਾਧਨ ਵਜੋਂ ਦੇਖਿਆ ਜਾ ਰਿਹਾ ਹੈ।



ਇਸ ਇਕਾਈ ਦਾ ਉਦੇਸ਼ ਤੁਹਾਨੂੰ ਅਲੱਗ ਅਲੱਗ ਸੁਰੱਖਿਆ ਦੇ ਸਾਜੋ-ਸਮਾਨ ਬਾਰੇ ਜਾਣਕਾਰੀ ਦੇਣਾ ਅਤੇ ਹੁਨਰਾਂ ਬਾਰੇ ਸਮਝਾਉਣਾ ਹੈ, ਜਿਵੇਂ ਪ੍ਰਵੇਸ਼ ਸੰਬੰਧੀ ਸੁਰੱਖਿਆ, ਦਰਸ਼ਕ ਨੂੰ ਸੰਭਾਲਣ ਲਈ ਨਿਯਮ, ਗੰਭੀਰਤਾ ਸਹਿਤ ਪੁੱਛ-ਗਿੱਛ ਅਤੇ ਤਲਾਸ਼ੀ, ਨਜ਼ਰਸਾਨੀ ਵਾਲੇ ਕੈਮਰੇ, ਅੱਗ ਬੁਝਾਉਣਾ, ਸੁਰੱਖਿਆ ਅਤੇ ਜਾਨ ਮਾਲ ਦੀ ਰਾਖੀ ਲਈ ਜਨਤਕ ਸੰਬੋਧਨ ਸਿਸਟਮ ਦੀ ਵਰਤੋਂ ਆਦਿ।

ਇਹ ਮੌਡਿਊਲ ਤੁਹਾਨੂੰ ਸੁਰੱਖਿਆ ਸੰਬੰਧੀ ਤਕਨੀਕੀ ਵਿਗਿਆਨ ਦੀਆਂ ਕਾਰਜ-ਪ੍ਣਾਲੀਆਂ ਨੂੰ ਦਰਪੇਸ਼ ਚੁਣੌਤੀਆਂ ਨੂੰ ਸਮਝਣ ਵਿਚ ਵੀ ਮਦਦ ਕਰੇਗਾ (ਸਾਜ਼ੋ-ਸਮਾਨ ਅਤੇ ਸੂਚਨਾ ਡਾਟਾ) ਅਤੇ ਸੁਰੱਖਿਆ ਲਈ ਆਧਾਰਭੂਤ ਸੁਰੱਖਿਆਤਮਕ ਯਤਨਾਂ ਦੀ ਤਿਆਰੀ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਮਦਦ ਕਰੇਗਾ।

## ਕਾਰਜਕਾਲ 1: ਪ੍ਰਵੇਸ਼ ਦੁਆਰ ਦੀ ਸੁਰੱਖਿਆ ਸੰਬੰਧੀ ਸਮੱਗਰੀ ACCESS CONTROL EQUIPMEN

### ਢੁੱਕਵਾਂ ਗਿਆਨRELEVANT KNOWLEDGE

**ਪ੍ਰਵੇਸ਼ ਦੁਆਰ ਸੰਬੰਧੀ ਸੁਰੱਖਿਆ (Access control system):** ਇਹ ਆਪਸ ਵਿਚ ਕਈ ਜੁੜੇ ਸੰਬੰਧਿਤ ਯੰਤਰਾਂ ਦੀ ਸਮੂਹਿਕ ਜਾਂ ਜੁੜਵੀਂ ਕਾਰਵਾਈ ਹੈ। ਭਾਵ, ਇਸ ਵਿਚ ਕਈ ਯੰਤਰ ਆਪਸ ਵਿਚ ਮਿਲ ਕੇ ਕੰਮ ਕਰਦੇ ਹਨ, ਜਿਨ੍ਹਾਂ ਦੀ ਵਰਤੋਂ ਲੋਕਾਂ ਅਤੇ ਗੱਡੀਆਂ ਦੇ ਅਹਾਤੇ ਵਿੱਚ ਆਉਣ ਜਾਣ ਦੀਆਂ ਗਤੀਵਿਧੀਆਂ ਨੂੰ ਕੰਟਰੋਲ ਕਰਨ ਲਈ ਕੀਤੀ ਜਾਂਦੀ ਹੈ। ਪ੍ਰਵੇਸ਼-ਸੁਰੱਖਿਆ ਵਾਲਾ ਸਿਸਟਮ ਲੋਕਾਂ ਅਤੇ ਗੱਡੀਆਂ ਦੀਆਂ ਗਤੀਵਿਧੀਆਂ ਸੰਬੰਧੀ ਡਾਟਾ ਤਿਆਰ ਕਰਦਾ ਹੈ। ਇਹ ਡਾਟਾ ਦਿਨ, ਮਿਤੀ, ਵਕਤ ਅਤੇ ਪ੍ਰਵੇਸ਼-ਦੁਆਰ ਦੇ ਵੇਰਵੇ ਜਾਂ ਪ੍ਰਵੇਸ਼-ਦੁਆਰ ਅਨੁਸਾਰ ਤਿਆਰ ਕੀਤਾ ਜਾਂਦਾ ਹੈ। ਇਸ ਡਾਟੇ ਦਾ ਸੁਰੱਖਿਆ ਪ੍ਰਸ਼ਾਸਨ ਅਤੇ ਪੁੱਛ-ਗਿੱਛ ਜਾਂ ਤਫਤੀਸ਼ ਦੇ ਮਾਮਲਿਆਂ ਵਿੱਚ ਅਤਿਅੰਤ ਮਹੱਤਵ ਹੈ।



Figure 1: Biometric Reader



Figure 2: Controller

**ਪ੍ਰਵੇਸ਼-ਦੁਆਰ ਦੀ ਸੁਰੱਖਿਆ-ਸਿਸਟਮ ਦੇ ਪ੍ਰਮੁੱਖ ਭਾਗ (Main Parts of Access control system):** ਪ੍ਰਵੇਸ਼ ਜਾਂ ਦਾਖਲਾ-ਕਾਰਡ (Access Card) ਉਹ ਯੰਤਰ ਹੈ ਜੋ ਇਕ ਚਾਬੀ ਵਾਂਗ ਕੰਮ ਕਰਦਾ ਹੈ ਅਤੇ ਅੰਦਰ ਜਾਣ ਵਾਲੇ ਵਿਅਕਤੀ ਨੂੰ ਅੰਦਰ ਜਾਣ ਦੀ ਜਾਂ ਬਾਹਰ ਜਾਣ ਦੀ ਆਗਿਆ ਦਿੰਦਾ ਹੈ ਜਾਂ ਮਨ੍ਹਾ ਕਰਦਾ ਹੈ। ਇਸ ਵਿਚ ਪਹਿਲਾਂ ਤੋਂ ਹੀ ਭਰਿਆ ਹੋਇਆ ਡਾਟਾ ਹੁੰਦਾ ਹੈ, ਜਿਸ ਵਿੱਚ ਅਧਿਕਾਰਿਤ ਵਰਤੋਂ ਕਰਨ ਵਾਲੇ ਦੀ : ਫੋਟੋ, ਨਾਮ, ਕਰਮਚਾਰੀ ਦਾ ਨੰਬਰ, ਵਿਭਾਗ ਅਤੇ ਸੁਰੱਖਿਆ ਸੰਬੰਧੀ ਅਧਿਕਾਰ ਦਰਜ ਹੁੰਦੇ ਹਨ।

**ਕਾਰਡ/ਬਾਇਓਮੀਟ੍ਰਿਕ ਰੀਡਰ (Card/Bio-metric Reader)** ਇਕ ਗੈਜ਼ਿਟ, ਜੋ ਕਾਰਡ ਨੂੰ ਸਵਾਈਪ ਕਰਨ ਜਾਂ ਸਪੱਰਸ਼ ਕਰਨ ਤੋਂ ਬਾਅਦ ਡਾਟਾ ਪ੍ਰਾਪਤ ਕਰਦਾ ਹੈ ਅਤੇ ਇਸ ਡਾਟੇ ਨੂੰ ਸਿਸਟਮ ਵਿਚ ਸੰਚਾਰਿਤ ਕਰ ਦਿੰਦਾ ਹੈ। ਇਸ ਪ੍ਰਕਾਰ ਬਾਇਓਮੀਟ੍ਰਿਕ ਸਿਸਟਮ ਵਿਚ ਸਕੈਨਰ ਵਰਤੋਂ ਕਾਰ ਦੀ ਉਂਗਲੀ ਦਾ ਪ੍ਰਿੰਟ ਲੈ ਲੈਂਦਾ ਹੈ ਅਤੇ ਉਸ ਨਾਲ ਸੰਬੰਧਿਤ ਡਾਟਾ ਪ੍ਰਾਪਤ ਕਰਕੇ, ਸਿਸਟਮ ਵਿਚ ਸੰਚਾਰਿਤ ਕਰ ਦਿੰਦਾ ਹੈ।

**ਚੁੰਬਕੀ-ਤਾਲਾ (Magnetic Lock):** ਚੁੰਬਕੀ-ਤਾਲਾ, ਪ੍ਰਵੇਸ਼ ਦੁਆਰ ਦੀ ਸੁਰੱਖਿਆ ਨਾਲ ਸੰਬੰਧਿਤ ਇਕ ਸਿਸਟਮ ਹੈ, ਜੋ ਕਿਸੇ ਪ੍ਰਵੇਸ਼ ਸਥਾਨ ਨੂੰ ਤਾਲਾਬੰਦ ਕਰਕੇ ਘੁਸਪੈਠ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਪ੍ਰਵੇਸ਼-ਕਾਰਡ ਨੂੰ ਪੜ੍ਹਨ ਵਾਲਾ ਕੰਟਰੋਲ, ਕਾਰਡ ਦੀ ਵਰਤੋਂ ਕਰਨ ਵਾਲੇ ਦੀ ਯੋਗਤਾ ਨੂੰ ਯਕੀਨੀ ਬਣਾਉਂਦਾ ਹੈ ਤਾਂ ਚੁੰਬਕੀ-ਤਾਲੇ ਨੂੰ ਇਕ ਸਿਗਨਲ ਭੇਜਿਆ ਜਾਂਦਾ ਹੈ ਜੋ ਤਾਲੇ ਵਿਚ ਚੁੰਬਕੀ ਪ੍ਰਭਾਵ ਨੂੰ ਕੁਝ ਸਕਿੰਟਾਂ ਲਈ ਖਤਮ ਕਰ ਦਿੰਦਾ ਹੈ ਅਤੇ ਇਸ ਤਰ੍ਹਾਂ ਵਿਅਕਤੀ ਨੂੰ ਅੰਦਰ ਜਾਂ ਬਾਹਰ ਜਾਣ ਦੀ ਆਗਿਆ ਦੇ ਦਿੰਦਾ ਹੈ।


**ਨਿਯੰਤਰਕ (Controller):** ਚਿੱਤਰ 2 ਇਹ ਇਕ ਅਜਿਹਾ ਯੰਤਰ ਹੈ, ਜੋ ਪ੍ਰਵੇਸ਼ ਦੁਆਰ ਦੀ ਸੁਰੱਖਿਆ ਦੇ ਸਾਰੇ ਕੰਮਾਂ ਨੂੰ ਸਿਸਟਮ ਰਾਹੀ ਕੰਟਰੋਲ ਕਰਦਾ ਹੈ। ਕਾਰਡ ਰੀਡਰ/ਬਾਇਓਮੀਟ੍ਰਿਕ ਯੰਤਰ/ਅੱਖਾਂ ਦੀਆਂ ਪੁਤਲੀਆਂ ਦੀ ਪਹਿਚਾਣ ਸੰਬੰਧੀ ਯੰਤਰ ਤੋਂ ਪ੍ਰਾਪਤ ਇੰਨਪੁਟਸ ਜਾਂ ਜਾਣਕਾਰੀ ਤੇ ਆਧਾਰਿਤ, ਡਾਟਾ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਇਸ ਤੋਂ ਬਾਅਦ ਵਿਅਕਤੀ ਦੇ ਅੰਦਰ ਆਉਣ ਜਾਂ ਦਾਖਲੇ ਤੋਂ ਨਾਂਹ ਕਰਨ ਸੰਬੰਧੀ ਕਮਾਂਡ ਦਿਤੀ ਜਾਂਦੀ ਹੈ। ਅੰਦਰ/ਬਾਹਰ ਜਾਣ ਸੰਬੰਧੀ ਕੰਟਰੋਲਾਂ ਨੂੰ ਚੁੰਬਕੀ-ਦਰਵਾਜਿਆਂ, ਘੁਮਾਓਦਾਰ ਦਰਵਾਜ਼ਿਆਂ ਜੰਗਲੇ ਵਾਲੀ ਰੋਕ ਅਤੇ ਬੰਨੇ ਹੋਏ ਰੱਸੇ ਵਾਲੀਆਂ ਰੁਕਾਵਟਾਂ ਰਾਹੀਂ ਲੰਘਾ ਕੇ ਪੂਰਾ ਕੀਤਾ ਜਾਂਦਾ ਹੈ।



Figure 3: CPU, Monitor & Key Board

ਕੇਂਦਰੀ ਪ੍ਰੋਸੈਸਿੰਗ ਇਕਾਈ ਜਾਂ ਸੀ ਪੀ ਯੂ ਅਤੇ ਮਾਨੀਟਰ **(Central Processing Unit (CPU) and Monitor)** ਚਿੱਤਰ 3: ਇਹ ਨੈਟਵਰਕ ਵਿਚ ਇਕ ਯੂਨਿਟ ਹੈ, ਜਿਥੇ ਸਾਰੀਆਂ ਗਤੀਵਿਧੀਆਂ ਦਰਜ ਅਤੇ ਸਟੋਰ ਕੀਤੀਆਂ ਜਾਂਦੀਆਂ ਹਨ। ਉਦਾਹਰਣ ਵਜੋਂ ਦਿਨ, ਮਿਤੀ, ਸਮਾਂ ਅਤੇ ਉਸ ਖਾਸ ਦਿਨ ਤੇ ਪ੍ਰਵੇਸ਼ ਕਰਨ ਵਾਲੇ ਵਿਅਕਤੀਆਂ ਦੇ ਨਾਮ, ਸਾਰੇ ਪ੍ਰਵੇਸ਼ ਸਥਾਨ, ਸੀਮਿਤ ਪ੍ਰਵੇਸ਼ ਸਥਾਨ ਅਤੇ ਮਨਾਹੀ ਵਾਲੇ ਪ੍ਰਵੇਸ਼ ਸਥਾਨ, ਸੁਰੱਖਿਆ ਸਿਸਟਮ ਦੇ ਕੰਮ ਵਿਚ ਵਿਘਨ ਪੈ ਜਾਣ ਦੀ ਹਾਲਤ ਵਿਚ ਜਾਂ ਕਿਸੇ ਤਰ੍ਹਾਂ ਦੀ ਸ਼ਰਾਰਤਪੂਰਨ ਢੰਗ ਨਾਲ ਪਾਈ ਗਈ ਰੁਕਾਵਟ ਹੋ ਜਾਣ ਤੇ ਸਾਵਧਾਨ ਕਰਨ ਲਈ ਸੀ ਪੀ ਯੂ ਵਿਚੋਂ ਆਵਾਜ਼ ਆਉਂਦੀ ਹੈ। ਜਦੋਂ ਸੰਕਟ ਹਾਲਤ ਵਾਲਾ ਅਲਾਰਮ ਵਜਾਇਆ ਜਾਂਦਾ ਹੈ ਤਾਂ ਕੰਟਰੋਲਰ ਰਾਹੀਂ ਸੀ.ਪੀ.ਯੂ ਇਕਦਮ ਸੰਕਟ ਹਾਲਤ ਵਾਲਾ ਅਲਾਰਮ ਸਿਗਨਲ ਦਿੰਦਾ ਹੈ ਤਾਂ ਕਿ ਸਾਰੇ ਦਾ ਸਾਰਾ ਪ੍ਰਵੇਸ਼ ਸੁਰੱਖਿਆ ਸਿਸਟਮ ਕਿਤੇ ਨਕਾਰਾ ਨਾ ਹੋ ਜਾਵੇ ਅਤੇ ਇਸ ਤਰ੍ਹਾਂ ਸਿਗਨਲ ਮਿਲ ਜਾਣ ਤੇ ਲੋਕਾਂ ਨੂੰ ਬਿਨ੍ਹਾਂ ਕਿਸੇ ਮੁਸੀਬਤ ਜਾਂ ਰੁਕਾਵਟ ਦੇ ਬਾਹਰ ਕੱਢ ਲਿਆ ਜਾਵੇ। ਮਾਨੀਟਰ ਇਕ ਅਜਿਹਾ ਯੰਤਰ ਹੈ ਜੋ ਪ੍ਰਵੇਸ਼/ਨਿਕਾਸ ਸਥਾਨਾਂ ਨੂੰ ਚਿੱਤਰਾਂ ਰਾਹੀਂ ਦਰਸਾਉਂਦਾ ਹੈ। ਮਾਨੀਟਰ ਸਾਰੀਆਂ ਦਰਜ ਗਤੀਵਿਧੀਆਂ ਅਤੇ ਅਲਾਰਮਾਂ ਆਦਿ ਨੂੰ ਵੀ ਦਰਸਾਉਂਦਾ ਹੈ।

**Block diagram of an access control system**




ਦਰਸ਼ਕਾਂ ਦਾ ਰਜਿਸਟਰ **(Visitor's Register):** ਇਹ ਦਸਤਾਵੇਜ, ਦਰਸ਼ਕਾਂ ਅਤੇ ਉਹਨਾਂ ਦੀਆਂ ਪ੍ਰਵੇਸ਼ ਅਤੇ ਨਿਕਾਸ ਗਤੀਵਿਧੀਆਂ ਬਾਰੇ ਵਿਸ਼ੇਸ਼ ਸੂਚਨਾ ਰੱਖਦਾ ਹੈ। ਇਸ ਰਜਿਸਟਰ ਨੂੰ ਤਿਆਰ ਕਰਨ ਦਾ ਮੁੱਢਲਾ ਮਹੱਤਵ ਇਹ ਹੈ ਕਿ ਇਸ ਰਜਿਸਟਰ ਦੀ ਮਦਦ ਨਾਲ ਯੋਗ ਅਦਾਰੇ ਅੰਦਰ ਆਉਣ ਵਾਲੇ ਯੋਗ ਵਿਅਕਤੀਆਂ ਦੀ ਪਹਿਚਾਣ ਦੇ ਨਾਲ ਨਾਲ ਗਲਤ ਢੰਗ ਨਾਲ ਜਾਂ ਜਬਰਦਸਤੀ ਘੁਸ ਜਾਣ ਵਾਲੇ ਵਿਅਕਤੀਆਂ ਦਾ ਪਤਾ ਲਗਾਇਆ ਜਾ ਸਕੇ। ਇਹ ਇਸ ਲਈ ਸੰਭਵ ਹੈ ਕਿਉਂਕਿ ਅਦਾਰੇ ਦੇ ਅੰਦਰ ਆਉਣ ਵਾਲਿਆਂ ਦੀ ਸੰਖਿਆ ਇਸ ਵਿਚ ਦਰਜ ਕੀਤੀ ਗਈ ਹੁੰਦੀ ਹੈ।

| (1) | (2) | (3) | (4) | (5) | (6) |
|---|---|---|---|---|---|
| Visitor pass/ badge No. | Name of the visitor | Address | Whom to meet | Purpose of visit | Contact number |
| (7) | (8) | (9) | (10) | (11) | |
| Time in | Signature of Visitor | Time Out | Signature of the security | Remarks | |
| | | | | | |

## ਅਭਿਆਸ EXERCISE

ਅਦਾਰੇ ਅੰਦਰ ਪ੍ਰਵੇਸ਼ ਦੁਆਰ ਸੰਬੰਧੀ ਸੁਰੱਖਿਆ ਸਿਸਟਮ ਦਾ ਬਲਾਕ ਰੇਖਾ-ਚਿੱਤਰ ਬਣਾਓ, ਇਸ ਦੇ ਭਾਗਾਂ ਨੂੰ ਦਰਸਾਓ ਅਤੇ ਇਨ੍ਹਾਂ ਬਾਰੇ ਵਿਆਖਿਆ ਕਰੋ।

## ਮੁਲਾਂਕਣ ASSESSMENTS

### ਛੋਟੇ ਉੱਤਰ ਵਾਲੇ ਪ੍ਰਸ਼ਨ

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਦਿਓ।

1. ਪ੍ਰਵੇਸ਼ ਦੁਆਰ ਦੀ ਸੁਰੱਖਿਆ ਸਿਸਟਮ ਦਾ ਵਰਣਨ ਕਰੋ।

_______________________________________________

_______________________________________________

_______________________________________________

_______________________________________________

_______________________________________________

2. ਪ੍ਰਵੇਸ਼ ਦੁਆਰ ਦੀ ਸੁਰੱਖਿਆ ਦੇ ਸਿਸਟਮ ਦੀਆਂ ਕਿਸਮਾਂ ਦੀ ਸੂਚੀ ਬਣਾਓ।

_______________________________________________

_______________________________________________

_______________________________________________

_______________________________________________

_______________________________________________

3. ਪ੍ਰਵੇਸ਼ ਦੁਆਰ ਦੀ ਸੁਰੱਖਿਆ ਸੰਬੰਧੀ ਸਿਸਟਮ ਦੇ ਪ੍ਰਮੁੱਖ ਭਾਗ ਦੱਸੋ।

_______________________________________________

_______________________________________________

_______________________________________________

_______________________________________________

_______________________________________________

## ਮੁਲਾਂਕਣ ਸੰਬੰਧੀ ਜਾਂਚ ਸੂਚੀ
## CHECKLIST FOR ASSESSMENT ACTIVITY

ਹੇਠ ਲਿਖੀ ਜਾਂਚ-ਸੂਚੀ ਦੀ ਵਰਤੋਂ ਕਰੋ ਤਾਂ ਕਿ ਤੁਸੀਂ ਮੁਲਾਂਕਣ ਸੰਬੰਧੀ ਸਾਰੀਆਂ ਜਰੂਰਤਾਂ ਪੂਰੀਆਂ ਕਰ ਸਕੋ।

**Part A**

ਦਰਮਿਆਨ ਅੰਤਰ ਸਮਝਾਇਆ ਗਿਆ

(a) ਪ੍ਰਵੇਸ਼ ਕਾਰਡ ਅਤੇ ਬਾਇਓਮੀਟ੍ਰਿਕ ਕਾਰਡ ਵਿਚ
(b) ਚੁੰਬਕੀ ਤਾਲੇ ਅਤੇ ਘੁਮਾਓਦਾਰ ਦਰਵਾਜੇ ਵਿਚ
(c) ਕੰਟਰੋਲਰ ਅਤੇ ਕੇਂਦਰੀ ਪ੍ਰੋਸੈਸਿੰਗ ਯੂਨਿਟ (CPU)ਵਿਚ

**ਭਾਗ ਅ Part B**

ਦਰਮਿਆਨ ਅੰਤਰ ਸਮਝਾਇਆ ਗਿਆ

(a) ਪ੍ਰਵੇਸ਼ ਦੁਆਰ ਸੁਰੱਖਿਆ ਸਿਸਟਮ ਕੀ ਹੈ ?
(b) ਪ੍ਰਵੇਸ਼ ਦੁਆਰ ਸੁਰੱਖਿਆ ਸਿਸਟਮ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ ?

**ਭਾਗ ੲ Part C**

ਕੀਤੇ ਗਏ ਕੰਮ ਦੇ ਪੱਧਰ

ਕੀਤੇ ਗਏ ਕੰਮਾਂ ਦੇ ਪੱਧਰਾਂ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ, ਪਰ ਇਹ ਇਥੋਂ ਤਕ ਸੀਮਿਤ ਨਹੀਂ

| ਕੰਮ ਦੇ ਪੱਧਰ **Performance standards** | ਹਾਂ | ਨਹੀਂ |
|---|---|---|
| ਪ੍ਰਵੇਸ਼ ਦੁਆਰ ਸੁਰੱਖਿਆ ਸਿਸਟਮ ਦੀਆਂ ਕਿਸਮਾਂ ਦੀ ਸੂਚੀ ਬਣਾਓ। | | |
| ਪ੍ਰਵੇਸ਼ ਦੁਆਰ ਸੁਰੱਖਿਆ ਸਿਸਟਮ ਦਾ ਬਲਾਕ ਰੇਖਾ ਚਿੱਤਰ ਬਣਾਓ। | | |

## ਕਾਰਜਕਾਲ 2 :ਪੁੱਛ-ਗਿੱਛ ਜਾਂ ਨਜ਼ਰਸਾਨੀ ਅਤੇ ਤਲਾਸ਼ੀ
## SESSION 2: SCANNING AND FRISKING

### ਢੁਕਵਾਂ ਗਿਆਨ RELEVANT KNOWLEDGE



Figure 4: Frisking

ਅਜਿਹੀ ਸਥਿਤੀ ਵਿਚ, ਜਿਥੇ ਇਕ ਪੁਲਿਸ ਅਫਸਰ ਜਾਂ ਸੁਰੱਖਿਆ ਕਰਮਚਾਰੀ ਨੂੰ ਕਿਸੇ ਵਿਅਕਤੀ ਤੇ ਸ਼ੱਕ ਹੈ, ਤਾਂ ਉਸ ਵਿਅਕਤੀ ਦੀ ਤਲਾਸ਼ੀ ਸਕੈਨਿੰਗ ਯੰਤਰ ਦੀ ਵਰਤੋਂ ਕਰਕੇ ਕੀਤੀ ਜਾ ਸਕਦੀ ਹੈ, ਜਿਵੇਂ :- ਧਾਤੂ ਡਿਟੈਕਟਰ ਜਾਂ ਮੈਟਲ-ਡਿਟੈਕਟਰ। ਜੇ ਇਕ ਵਾਰੀ ਉਸ ਦੀ ਪਹਿਚਾਣ ਸ਼ੱਕੀ ਸਾਬਤ (Positive) ਹੋਈ ਤਾਂ ਉਸ ਦੀ ਹੱਥੀਂ ਤਲਾਸ਼ੀ ਕੀਤੀ ਜਾਂਦੀ ਹੈ। ਤਲਾਸ਼ੀ ਲੈਣ ਜਾਂ ਸਕੈਨਿੰਗ ਦਾ ਉਦੇਸ਼ ਗੈਰ-ਕਾਨੂੰਨੀ ਜਾਂ ਤਸ਼ਕਰੀ ਕੀਤੇ ਸ਼ਕੀ ਪਦਾਰਥਾਂ ਨੂੰ ਅਦਾਰੇ ਅੰਦਰ ਜਾਂ ਬਾਹਰ ਲੈ ਕੇ ਜਾਣ ਨੂੰ ਰੋਕਣਾ ਅਤੇ ਲੱਭਣਾ ਹੈ।

ਤਲਾਸ਼ੀ (Frisking) : ਤਲਾਸ਼ੀ (ਚਿੱਤਰ 4) ਕਿਸੇ ਵਿਅਕਤੀ ਦੀ ਇਸ ਲਈ ਕੀਤੀ ਜਾਂਦੀ ਹੈ ਕਿ ਉਸ ਕੋਲ ਹਥਿਆਰ, ਨਸ਼ੀਲੇ ਪਦਾਰਥ ਜਾਂ ਹੋਰ ਕੋਈ ਗੈਰ ਕਾਨੂੰਨੀ ਪਦਾਰਥ ਨਾ ਹੋਣ। ਇਹ ਵਿਅਕਤੀ ਦੇ ਕਪੜਿਆਂ ਤੇ ਤੇਜ਼ੀ ਨਾਲ ਹੱਥ ਫੇਰ ਕੇ ਜਾਂ ਉਸ ਦੀਆਂ ਜੇਬਾਂ ਫਰੋਲ ਕੇ ਇਹ ਪਤਾ ਕਰਨ ਲਈ ਕੀਤੀ ਜਾਂਦੀ ਹੈ ਕਿ ਕਿਤੇ ਉਸ ਕੋਲ ਬੁਰੀ ਨੀਯਤ ਜਾਂ ਗਲਤ ਇਰਾਦੇ ਨਾਲ ਲੈ ਕੇ ਜਾਣ ਵਾਲੀ ਕੋਈ ਚੀਜ਼ ਤਾਂ ਨਹੀਂ।

ਉਹ ਹਾਲਾਤ ਜਿਨ੍ਹਾਂ ਵਿੱਚ ਤਲਾਸ਼ੀ ਲੈਣੀ ਜਾਇਜ਼ ਹੈ:

- ਸੁਰੱਖਿਆ ਕਰਮਚਾਰੀ ਅਤੇ ਹੋਰ ਲੋਕਾਂ ਦੀ ਸੁਰੱਖਿਆ ਦੇ ਸੰਬੰਧ ਵਿਚ
- ਸ਼ੱਕ, ਕਿ ਵਿਅਕਤੀ ਕੋਲ ਕੋਈ ਹਥਿਆਰ ਜਾਂ ਖਤਰਨਾਕ ਵਸਤੂ ਤਾਂ ਨਹੀਂ ਹੈ।
- ਸ਼ੱਕ ਕਿ ਵਿਅਕਤੀ ਹਥਿਆਰ ਦੀ ਵਰਤੋਂ ਕਰਕੇ ਜੁਰਮ ਕਰ ਸਕਦਾ ਹੈ।
- ਸ਼ੱਕ ਕਿ ਵਿਅਕਤੀ ਚੋਰੀ ਕਰਕੇ ਜਾਂ ਗੁੰਮ ਹੋਈ ਵਸਤੂ ਆਪਣੇ ਨਾਲ ਲੈ ਕੇ ਜਾ ਰਿਹਾ ਹੈ।

ਆਦਮੀਆਂ ਅਤੇ ਔਰਤਾਂ ਦੀ ਤਲਾਸ਼ੀ ਲੈਣ ਦੇ ਯੋਗ ਤਰੀਕੇ :

- ਸੰਬੰਧਿਤ ਵਿਅਕਤੀ ਆਦਮੀ ਜਾਂ ਔਰਤ, ਨੂੰ ਸਿਰ ਦੇ ਪਿਛਲੇ ਪਾਸੇ ਦੋਵੇਂ ਹੱਥ ਇਕ ਦੂਸਰੇ 'ਚ ਹੱਥ ਫਸਾ ਕੇ , ਲੱਤਾਂ ਚੌੜੀਆਂ ਕਰਕੇ ਅਤੇ ਪੰਜੇ ਅੱਗੇ ਵੱਲ ਕਰਕੇ ਕਰਕੇ ਖੜੇ ਹੋਣ ਲਈ ਕਿਹਾ ਜਾਂਦਾ ਹੈ।
- ਵਿਅਕਤੀ ਦੇ ਕੱਪੜਿਆਂ ਤੇ ਹੱਥ ਫੇਰਨਾ, ਸਿਰ ਤੋਂ ਲੈ ਕੇ ਪੈਰਾਂ ਤਕ ਅਤੇ ਚਾਰੇ ਪਾਸਿਆਂ ਤੋਂ ਉਸਦੀ ਤਲਾਸ਼ੀ ਲੈਣਾ।
- ਸ਼ੱਕੀ ਔਰਤਾਂ ਦੀ ਤਲਾਸ਼ੀ ਬੰਦ ਕਮਰੇ ਵਿਚ ਲਈ ਜਾਂਦੀ ਹੈ ਤਾਂ ਕਿ ਔਰਤ ਦੀ ਇਜ਼ਤ ਅਤੇ ਮਰਿਆਦਾ ਦਾ ਧਿਆਨ ਰੱਖਿਆ ਜਾ ਸਕੇ।
- ਇਹ ਸਿਰਫ ਇਕ ਸਮੱਰਥ ਮਹਿਲਾ ਸੁਰੱਖਿਆ ਅਧਿਕਾਰੀ ਵਲੋਂ ਕੀਤੀ ਜਾਂਦੀ ਹੈ। ਸ਼ੱਕੀ ਔਰਤਾਂ ਦੀ ਤਲਾਸ਼ੀ ਮਰਦ ਸੁਰੱਖਿਆ ਕਰਮਚਾਰੀ ਦੀ ਮੌਜੂਦਗੀ ਵਿਚ ਨਹੀਂ ਕੀਤੀ ਜਾਵੇਗੀ।
- ਔਰਤਾਂ ਦੀ ਤਲਾਸ਼ੀ ਕੇਵਲ ਮਹਿਲਾ ਸੁਰੱਖਿਆ ਅਧਿਕਾਰੀ ਵਲੋਂ ਕੀਤੀ ਜਾਂਦੀ ਹੈ।



Figure 5: HHMD

ਲੋਕਾਂ ਅਤੇ ਗੱਡੀਆਂ ਦੀ ਨਜ਼ਰਸਾਨੀ ਜਾਂ ਤਲਾਸ਼ੀ ਲੈਣ ਲਈ ਹੇਠ ਲਿਖੇ ਯੰਤਰਾਂ ਜਾਂ ਸਾਜੋ-ਸਾਮਾਨ ਦੀ ਵਰਤੋਂ ਕੀਤੀ ਜਾਂਦੀ ਹੈ।

- x ਹੱਥ ਵਿਚ ਫੜਨ ਵਾਲਾ ਮੈਟਲ ਡਿਟੈੱਕਟਰ (HHMD)
- x ਦਰਵਾਜੇ ਦੇ ਫਰੇਮ ਵਿਚ ਫਿਟ ਕੀਤਾ ਹੋਇਆ ਮੈਟਲ ਡਿਟੈੱਕਟਰ (DFMD)
- x ਗੱਡੀ ਦੇ ਥੱਲੇ ਦੇਖਣ ਵਾਲਾ ਸ਼ੀਸ਼ਾ (UCIM)
- x ਸਮਾਨ/ਭਾਰੀ ਸਮਾਨ/ਐਕਸ-ਰੇ ਮਸ਼ੀਨ ਵਾਲੀ ਗੱਡੀ।
- x ਧਮਾਕੇਦਾਰ ਵਾਸ਼ਪ ਵਾਲਾ ਡਿਟੈਕਟਰ (EVD)

ਹੱਥ ਵਿਚ ਫੜਨ ਵਾਲਾ ਧਾਤੂ ਜਾਂ ਮੈਟਲ ਡਿਟੈੱਕਟਰ ਚਿੱਤਰ 5

ਇਹ ਇਕ ਅਜਿਹਾ ਯੰਤਰ ਹੈ ਜੋ ਕਿਸੇ ਧਾਤੂ ਵਾਲੀ ਚੀਜ਼ ਦਾ ਪਤਾ ਲਗਾ ਸਕਦਾ ਹੈ ਇਹ ਲੋਹੇ ਜਾਂ ਹੋਰ ਧਾਤਾਂ ਦੀ ਮੌਜੂਦਗੀ ਬਾਰੇ ਪਤਾ ਕਰ ਸਕਦਾ ਹੈ। ਹੱਥ ਵਿਚ ਫੜਨ ਵਾਲਾ ਧਾਤੂ ਵਾਲਾ ਯੰਤਰ ਹਥਿਆਰਾਂ ਜਿਵੇਂ : ਚਾਕੂ, ਬੰਦੂਕਾਂ, ਪਿਸਤੌਲਾਂ, ਰਿਵਾਲਵਰਾਂ ਆਦਿ ਦੇ ਲੱਭਣ ਜਾਂ ਪਤਾ ਕਰਨ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਦੀ ਆਮ ਤੌਰ ਤੇ ਜਿਆਦਾ ਵਰਤੋਂ ਹਵਾਈ ਅੱਡਿਆਂ, ਮਾਲ, ਹਸਪਤਾਲ, ਬੈਂਕਾਂ ਅਤੇ ਉਤਪਾਦਨ ਵਾਲੀਆਂ ਇਕਾਈਆਂ ਵਿਚ ਕੀਤੀ ਜਾਂਦੀ ਹੈ।



Figure 6: DFMD

ਦਰਵਾਜ਼ੇ ਵਿਚ ਫਿੱਟ ਕੀਤਾ ਹੋਇਆ ਧਾਤੂ ਵਾਲਾ ਡਿਟੈੱਕਟਰ (**DFMD**) ਚਿੱਤਰ ਨੰ : 6

ਇਹ ਯੰਤਰ DFMD ਜਾਂ ਦਰਵਾਜ਼ੇ ਅੰਦਰ ਲੰਘਾਉਣ ਵਾਲਾ ਯੰਤਰ ਇਮਾਰਤਾਂ ਵਿਚ ਦਾਖਲ ਹੋਣ ਵਾਲੇ ਸਥਾਨਾਂ, ਮਾਲ, ਹਵਾਈ ਅੱਡਿਆਂ ਅਤੇ ਕਾਰਖਾਨਿਆਂ ਵਿਚ ਦਾਖਲ ਹੋਣ ਵਾਲੇ ਸਥਾਨਾਂ ਲਈ ਬਹੁਤ ਹੀ ਵਧੀਆ ਹੈ। ਇਹ ਉਥੇ ਵਰਤਿਆ ਜਾਂਦਾ ਹੈ, ਜਿਥੇ ਵਿਅਕਤੀ ਲਗਾਤਾਰ ਆ ਜਾ ਰਹੇ ਹੋਣ।



Figure 7: UCIM

ਗੱਡੀ ਦੇ ਹੇਠਾਂ ਦੇਖ ਲੈਣ ਵਾਲਾ ਸ਼ੀਸ਼ਾ (**Under chasis Inspection Mirror**): ਇੱਕ ਯੂ ਸੀ ਆਈ ਐੱਮ (ਚਿੱਤਰ) ਇਕ ਸ਼ੀਸ਼ਾ ਹੈ, ਜੋ ਪਹੀਆਂ ਤੋਂ ਥੋੜਾ ਉਪਰ ਫਿੱਟ ਕੀਤਾ ਜਾਂਦਾ ਹੈ। ਇਸ ਦਾ ਇਕ ਲੰਬਾ ਹੈਂਡਲ ਹੁੰਦਾ ਹੈ, ਜਿਸ ਦੀ ਮਦਦ ਨਾਲ ਇਹ ਕਿਸੇ ਵੀ ਗੱਡੀ ਥੱਲੇ ਸਰਕਾ ਦਿਤਾ ਜਾਂਦਾ ਹੈ ਤਾਂ ਕਿ ਕਿਸੇ ਛੁਪਾਈ ਗਈ ਵਸਤੂ ਦਾ ਪਤਾ ਲਗ ਸਕੇ। ਜਿਵੇਂ : ਬੰਬ, ਧਮਾਕਾ ਕਰਨ ਵਾਲੀ ਸਮੱਗਰੀ, ਹਥਿਆਰ ਅਤੇ ਹੋਰ ਗੈਰਕਾਨੂੰਨੀ ਵਸਤੂਆਂ ਆਦਿ। ਯੂ ਸੀ ਆਈ ਐੱਮ ਨਾਲ ਕੋਈ ਬੈਟਰੀ/ਰੋਸ਼ਨੀ ਦਾ ਸਰੋਤ ਵੀ ਫਿਟ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਰੋਸ਼ਨੀ ਵਾਲਾ ਯੂ ਸੀ ਆਈ ਐੱਮ ਰਾਤ ਤਲਾਸ਼ੀ ਵੇਲੇ ਕੰਮ ਆ ਸਕਦਾ ਹੈ।



Figure 8: X-ray Machine

ਐਕਸ-ਰੇ ਮਸ਼ੀਨ : ਇਹ ਐਕਸ-ਰੇ ਅਧਾਰਿਤ ਇਕ ਤਲਾਸ਼ੀ ਲੈਣ ਵਾਲਾ ਯੰਤਰ ਹੈ। ਚਿੱਤਰ ਨੰ : 8 ਤਲਾਸ਼ੀ ਜਾਂ ਪੁੱਛ-ਗਿੱਛ ਦਾ ਸਮਾਨ ਐਕਸ-ਰੇ ਮਸ਼ੀਨ ਵਿਚ ਬੈਲਟ ਰਾਹੀਂ ਲੰਘਾਇਆ ਜਾਂਦਾ ਹੈ। ਇਸ ਸਮਾਨ ਤੇ ਐਕਸ-ਰੇ ਦੀਆਂ ਕਿਰਨਾਂ ਪਾਈਆਂ ਜਾਂਦੀਆਂ ਹਨ ਅਤੇ ਮਾਨੀਟਰ ਤੇ ਉਸ ਚੀਜ ਦਾ ਚਿੱਤਰ ਦੇਖਿਆ ਜਾ ਸਕਦਾ ਹੈ। ਚਿਹਰੇ ਨੂੰ ਪੜ੍ਹਨ ਜਾਂ ਹਾਵ-ਭਾਵ ਬਾਰੇ ਜਾਣਨ ਲਈ ਵਿਸ਼ੇਸ਼ ਸਿਖਲਾਈ ਦੀ ਜਰੂਰਤ ਹੁੰਦੀ ਹੈ।ਐਕਸ-ਰੇ ਨਾਲ ਵੱਡੀ ਮਾਤਰਾ ਵਿਚ, ਥੋੜੇ ਜਿਹੇ ਸਮੇਂ ਵਿਚ ਬਹੁਤ ਸਾਰੀਆਂ ਚੀਜ਼ਾਂ ਨੂੰ ਸਕੈਨ ਕੀਤਾ ਜਾ ਸਕਦਾ ਹੈ। ਇਹ ਸਮਾਨ ਨੂੰ ਬਿਨ੍ਹਾਂ ਖੋਲ੍ਹੇ ਚੈਕ ਕਰਨ ਦੇ ਕੰਮ ਵੀ ਆਉਂਦੀ ਹੈ।



Figure 9: EVD

ਧਮਾਕਾਖੇਜ਼ ਵਾਸ਼ਪ ਡਿਟੈੱਕਟਰ (Explosive Vapour Detector) ਈ ਵੀ ਡੀ (ਚਿੱਤਰ ਨੰ :9) : ਕਿਸੇ ਚੀਜ਼ ਨੂੰ ਲੱਭਣ ਵਾਲੀ ਇਕ ਸਧਾਰਨ ਇਕਾਈ ਹੈ, ਜਿਸਨੂੰ ਲੋਕਾਂ ਦੀ ਤਲਾਸ਼ੀ ਲੈਣ, ਸਮਾਨ ਅਤੇ ਲੁਕੋ ਕੇ ਰੱਖੇ ਗਏ ਧਮਾਕੇਦਾਰ ਪਦਾਰਥਾਂ ਵਾਲੇ ਪਾਰਸਲ ਆਦਿ ਲੱਭਣ ਲਈ ਬਣਾਇਆ ਗਿਆ ਹੈ। ਇਸ ਇਕਾਈ ਨੂੰ ਚਾਲੂ ਕਰਨ ਤੇ ਇਹ ਆਪਣੇ ਨੋਜ਼ਲ ਰਾਹੀਂ ਲਗਾਤਾਰ ਹਵਾ ਆਪਣੇ ਵਲ ਨੂੰ ਖਿੱਚਦੀ ਹੈ। ਜੇ ਧਮਾਕਾਖੇਜ ਵਾਸ਼ਪ ਦੀਆਂ ਬੂੰਦਾਂ ਨਮੂਨੇ ਵਜੋਂ ਲਈ ਗਈ ਹਵਾ ਲੱਭ ਜਾਵੇ ਤਾਂ ਅਲਾਰਮ ਵੱਜ ਉੱਠਦਾ ਹੈ। ਵਧੀਆ ਕਿਸਮ ਦੀ ਈ ਵੀ ਡੀ ਵਾਲਾ ਯੰਤਰ, ਧਮਾਕਾਖੇਜ਼ ਪਦਾਰਥ ਦੀ ਕਿਸਮ ਬਾਰੇ ਵੀ ਦੱਸਦਾ ਹੈ।

ਸੁੰਘ ਕੇ ਪਤਾ ਲਗਾਉਣ ਵਾਲੇ ਕੁੱਤੇ (Sniffer dogs) : ਸੁੰਘ ਕੇ ਸ਼ੱਕੀ ਪਦਾਰਥਾਂ ਦਾ ਪਤਾ ਲਗਾਉਣ ਵਾਲੇ ਕੁੱਤੇ ਇਕ ਵਿਸ਼ੇਸ਼ ਨਸਲ ਵਾਲੇ ਕੁੱਤੇ ਹੁੰਦੇ ਹਨ, ਜਿਨ੍ਹਾਂ ਨੂੰ ਵਿਅਕਤੀਆਂ, ਗੁੰਮ ਹੋਈਆਂ ਚੀਜ਼ਾਂ, ਧਮਾਕੇਦਾਰ ਪਦਾਰਥ, ਹਥਿਆਰ, ਨਸ਼ੀਲੇ ਪਦਾਰਥ ਆਦਿ ਲੱਭਣ ਲਈ ਸਿਖਲਾਈ ਦਿੱਤੀ ਜਾਂਦੀ ਹੈ। ਇਨ੍ਹਾਂ ਕੁੱਤਿਆਂ ਨੂੰ ਵਿਸ਼ੇਸ਼ ਸਿਖਲਾਈ ਪ੍ਰਾਪਤ ਵਿਅਕਤੀ ਸਿਖਲਾਈ ਦਿੰਦੇ ਹਨ। ਸੁੰਘ ਕੇ ਸ਼ੱਕੀ ਪਦਾਰਥ ਲੱਭਣ ਵਾਲੇ ਕੁੱਤੇ ਫੌਜ, ਪੁਲਿਸ ਅਤੇ ਸੂਹ ਲੈਣ ਵਾਲੀਆਂ ਏਜੰਸੀਆਂ, ਰੇਲਵੇ ਸਟੇਸ਼ਨ ਅਤੇ ਸੰਵੇਦਨਸ਼ੀਲ ਸੰਸਥਾਵਾਂ ਦੀ ਮਦਦ ਕਰ ਰਹੇ ਹਨ।

## ਅਭਿਆਸ EXERCISE

### ਗਤੀਵਿਧੀ Activity

ਦੋ ਮਿੱਤਰਾਂ ਦੀ ਟੋਲੀ ਬਣਾਓ ਅਤੇ ਇਕ ਸਾਥੀ ਵਿਦਿਆਰਥੀ ਦੀ ਤਲਾਸ਼ੀ ਲੈਣੀ ਸ਼ੁਰੂ ਕਰੋ। ਤਲਾਸ਼ੀ ਦੇ ਦੌਰਾਨ, ਤਲਾਸ਼ੀ ਵਾਲੇ ਵਿਅਕਤੀ ਦੇ ਆਮ ਅਤੇ ਅਜੀਬ ਕਿਸਮ ਦੇ ਵਰਤਾਓ ਨੂੰ ਪਛਾਣਨ ਦੀ ਕੋਸ਼ਿਸ਼ ਕਰੋ।

(a) ਆਪਣੇ ਤਜਰਬੇ ਉਤੇ ਇਕ ਸੰਖੇਪ ਨੋਟ ਲਿਖੋ।

(b) ਜਮਾਤ ਵਿਚ ਬਹਿਸ ਕਰੋ ਕਿ ਕੀ ਤਲਾਸ਼ੀ, ਕਾਨੂੰਨੀ ਜਰੂਰਤਾਂ ਅਤੇ ਜਥੇਬੰਦਕ ਕਾਰਜ-ਪ੍ਰਣਾਲੀਆਂ ਅਨੁਸਾਰ ਲਈ ਗਈ ?

## ਮੁਲਾਂਕਣ ASSESSMENT

1. ਪੁੱਛ-ਗਿੱਛ ਜਾਂ ਤਲਾਸ਼ੀ ਵਾਲੇ ਯੰਤਰਾਂ ਦੀ ਸੂਚੀ ਬਣਾਓ।

______________________________________________

______________________________________________

______________________________________________

______________________________________________

______________________________________________

2. ਐੱਚ ਐੱਚ ਐੱਮ ਡੀ (HHMD) ਅਤੇ ਡੀ ਐੱਫ ਐੱਮ ਡੀ (DFMD) ਦੇ ਉਦੇਸ਼ ਦੀ ਵਿਆਖਿਆ ਕਰੋ।

______________________________________________

______________________________________________

______________________________________________

______________________________________________

______________________________________________

3. ਧਮਾਕਾਖੇਜ਼ ਵਾਸ਼ਪ ਡਿਟੈੱਕਟਰ ਅਤੇ ਸੂਹ ਲੈਣ ਵਾਲੇ ਕੁੱਤਿਆਂ ਦੇ ਲਾਭ ਦੀ ਵਿਆਖਿਆ ਕਰੋ।

______________________________________________
______________________________________________
______________________________________________
______________________________________________
______________________________________________
______________________________________________

4. ਗੱਡੀ ਦੇ ਹੇਠਾਂ ਦੇਖਣ ਵਾਲੇ ਸ਼ੀਸ਼ੇ ਦੀ ਵਰਤੋਂ ਬਾਰੇ ਵਿਆਖਿਆ ਕਰੋ।

______________________________________________
______________________________________________
______________________________________________
______________________________________________
______________________________________________

5. ਤਲਾਸ਼ੀ ਲੈਣ ਲਈ ਕਾਰਗਰ ਹਲਾਤਾਂ ਦਾ ਵਰਣਨ ਕਰੋ।

______________________________________________
______________________________________________
______________________________________________
______________________________________________
______________________________________________

6. ਆਦਮੀਆਂ ਅਤੇ ਔਰਤਾਂ ਦੀ ਤਲਾਸ਼ੀ ਲੈਣ ਸੰਬੰਧੀ ਸਹੀ ਵਿਧੀ ਦਾ ਵਰਣਨ ਕਰੋ।

______________________________________________
______________________________________________
______________________________________________
______________________________________________
______________________________________________

## ਮੁਲਾਂਕਣ ਲਈ ਜਾਂਚ-ਸੂਚੀ
## CHECKLIST FOR ASSESSMENT ACTIVITY

ਹੇਠ ਲਿਖੀ ਜਾਂਚ-ਸੂਚੀ ਦੀ ਵਰਤੋਂ ਕਰੋ ਤਾਂ ਕਿ ਮੁਲਾਂਕਣ ਸੰਬੰਧੀ ਸਾਰੀਆਂ ਜਰੂਰਤਾਂ ਪੂਰੀਆਂ ਹੋ ਸਕਣ।

ਭਾਗ ੳ **Part A**

Differentiated between

(a) ਪੁੱਛਗਿੱਛ ਜਾਂ ਨਜ਼ਰਸਾਨੀ ਅਤੇ ਤਲਾਸ਼ੀ ਵਿਚ।
(b) ਐੱਚ ਐੱਚ ਐੱਮ ਡੀ ਅਤੇ ਡੀ ਐੱਫ ਐੱਮ ਡੀ ਵਿਚ।
(c) ਯੂ ਸੀ ਆਈ ਐੱਮ ਅਤੇ ਐਕਸ ਰੇ ਸਕੈਨਿੰਗ ਮਸ਼ੀਨ ਵਿਚ
(d) ਈ ਵੀ ਡੀ ਅਤੇ ਸੁੰਘ ਕੇ ਸੂਹ ਲਗਾਉਣ ਵਾਲੇ ਕੁੱਤੇ

(ਭਾਗ ਅ) **Part B**

**ਹੇਠ ਲਿਖਿਆ ਸ਼੍ਰੇਣੀ ਵਿਚ ਵਿਚਾਰਿਆ ਗਿਆ :**

(ੳ) ਤਲਾਸ਼ੀ ਕਿਉਂ ਲਈ ਜਾਂਦੀ ਹੈ ?

(ਅ) ਪੁੱਛ-ਗਿੱਛ ਜਾਂ ਛਾਣ-ਬੀਣ ਅਤੇ ਤਲਾਸ਼ੀ ਲੈਣ ਸਮੇਂ ਵਰਤੇ ਜਾਣ ਵਾਲੇ ਤਕਨੀਕੀ ਯੰਤਰ ਕਿਹੜੇ-ਕਿਹੜੇ ਹਨ ?

(ਭਾਗ ੲ) **Part C**

**ਕੰਮ ਦੇ ਪੱਧਰ**

ਕੰਮ ਦੇ ਪੱਧਰਾਂ 'ਚ ਸ਼ਾਮਿਲ ਕੀਤਾ ਜਾ ਸਕਦਾ, ਪਰ ਇਥੋਂ ਤਕ ਸੀਮਿਤ ਨਹੀਂ ਹੈ।

| ਕੰਮ ਦੇ ਪੱਧਰ **Performance standards** | ਹਾਂ | ਨਹੀਂ |
|---|---|---|
| ਪੁੱਛ-ਗਿੱਛ ਅਤੇ ਤਲਾਸ਼ੀ ਲੈਣ ਲਈ ਵਰਤੇ ਜਾਣ ਵਾਲੇ ਯੰਤਰ ਦੇ ਭਾਗਾਂ ਬਾਰੇ ਦਸੋ | | |
| ਪੁੱਛ-ਗਿੱਛ ਜਾਂ ਛਾਣ-ਬੀਣ ਅਤੇ ਤਲਾਸ਼ੀ ਲੈਣ ਲਈ ਵਰਤੇ ਜਾਣ ਵਾਲੇ ਯੰਤਰ ਦੇ ਭਾਗਾਂ ਬਾਰੇ ਆਪਣੇ ਗਿਆਨ ਦਾ ਪ੍ਰਦਰਸ਼ਨ ਕਰੋ। | | |

## ਕਾਰਜਕਾਲ 3 : ਸੀ ਸੀ ਟੀ ਵੀ ਪ੍ਰਣਾਲੀ ਅਤੇ ਯੰਤਰ
## SESSION 3: CCTV SYSTEM AND EQUIPMENT

### ਢੁੱਕਵਾਂ ਗਿਆਨ RELEVANT KNOWLEDGE



Figure 10: Dome Camera



Figure 11: Fixed Camera



Figure 12: PTZ Camera



Figure 13: IRR Camera

**ਕਲੋਜ਼ਡ ਸਰਕਟ ਟੈਲੀਵਿਜ਼ਨ ਕੈਮਰਾ ਸਿਸਟਮ (Closed Circuit Television(CCTV) Camera System)):** ਸੀ ਸੀ ਟੀ ਵੀ ਵੱਖ ਵੱਖ ਸਥਿਤੀਆਂ ਵਿਚ ਸਾਰੇ ਸੰਸਾਰ ਵਿਚ ਵਰਤਿਆ ਜਾਂਦਾ ਹੈ। ਇਸ ਨੂੰ ਨਜ਼ਰਸਾਨੀ ਕਰਨ ਵਾਲੇ ਕੈਮਰੇ ਵੀ ਕਿਹਾ ਜਾਂਦਾ ਹੈ। ਜਿਆਦਾਤਰ ਸਥਾਨਾਂ/ਇਕਾਈਆਂ ਵਿਚ ਸੀ ਸੀ ਟੀ ਵੀ ਸਿਸਟਮ ਲਗਾਇਆ ਜਾਂਦਾ ਹੈ ਤਾਂ ਕਿ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

1. ਸੰਸਥਾਵਾਂ ਜਾਂ ਅਦਾਰਿਆਂ ਦੇ ਅਹਾਤਿਆਂ ਵਿੱਚ ਕਿਸੇ ਜੁਰਮ ਸੰਬੰਧੀ ਜਾਂ ਗੈਰ ਕਾਨੂੰਨੀ ਗਤੀਵਿਧੀ ਦਾ ਪਤਾ ਲਗਾਉਣ ਲਈ।
2. ਸੰਸਥਾਵਾਂ ਜਾਂ ਅਦਾਰਿਆਂ ਦੇ ਅਹਾਤਿਆਂ ਵਿੱਚ ਕਿਸੇ ਜੁਰਮ ਸੰਬੰਧੀ ਜਾਂ ਗੈਰ ਕਾਨੂੰਨੀ ਗਤੀਵਿਧੀ ਦਾ ਪਤਾ ਲਗਾਉਣ ਲਈ।
3. ਤਫਤੀਸ਼, ਸਰੀਰ ਦੇ ਅੰਗਾਂ ਦੀ ਪਹਿਚਾਣ ਅਤੇ ਸਬੂਤ ਜਾਂ ਗਵਾਹੀ ਲਈ।
4. ਗਵਾਹੀਆਂ ਜਾਂ ਸਬੂਤਾਂ ਨੂੰ ਇਕੱਠੇ ਕਰਨ ਲਈ।

ਸੀ ਸੀ ਟੀ ਵੀ ਕੰਟਰੋਲ ਸਿਸਟਮ ਵਿਚ ਕੈਮਰਾ ਚਿੱਤਰ ਲੈਣ ਲਈ ਹੁੰਦਾ ਹੈ ਅਤੇ ਇਸ ਦੇ ਚਿੱਤਰ ਸੀ ਪੀ ਯੂ ਨੂੰ ਭੇਜ ਦਿਤੇ ਜਾਂਦੇ ਹਨ ਜਾਂ ਇਹ ਡੀ ਵੀ ਆਰ ਡਿਜਿਟਲ ਵੀਡਿਓ ਰਿਕਾਰਡਰ ਹੁੰਦਾ ਹੈ, ਜੋ ਕੈਮਰੇ ਤੇ ਲਏ ਗਏ ਚਿੱਤਰਾਂ ਨੂੰ ਕੁਝ ਵਿਸ਼ੇਸ਼ ਸਮੇਂ ਲਈ ਸੰਭਾਲ ਕੇ ਰੱਖਦਾ ਹੈ। ਇਨ੍ਹਾਂ ਚਿੱਤਰਾਂ ਨੂੰ ਜਰੂਰਤ ਪੈਣ ਤੇ ਸੰਭਾਲਿਆ ਜਾ

### ਸੀ ਸੀ ਟੀ ਵੀ ਕੈਮਰਿਆਂ ਦੀਆਂ ਕਿਸਮਾਂ :Types of CCTV cameras

ਇੱਕ ਗੁੰਬਦ ਦੀ ਸ਼ਕਲ ਦਾ ਕੈਮਰਾ ਹੈ, ਜਿਵੇਂ ਕਿ ਇਸ ਦੇ ਨਾਮ (DDMC) ਗੁੰਬਦ ਤੋਂ ਹੀ ਸਪਸ਼ਟ ਹੈ। ਇਹ ਇਕ ਵਧੀਆ ਗੁੱਣਵਤਾ ਵਾਲਾ ਵੀਡਿਓ ਕੈਮਰਾ ਹੁੰਦਾ ਹੈ। ਚਿੱਤਰ 10 ਇਹ ਘਰ ਦੇ ਅੰਦਰ ਥੋੜੀ ਦੂਰੀ ਤੱਕ ਕੰਮ ਕਰਨ ਲਈ ਵਰਤਿਆ ਜਾਂਦਾ ਹੈ ਅਤੇ ਇਸ ਦੀ ਵਰਤੋਂ ਸੁਰੱਖਿਆ ਸੰਬੰਧੀ ਜਾਂ ਵਿਸ਼ੇਸ਼ ਕਵਰੇਜ ਲਈ ਬਹੁਤ ਵਧੀਆ ਹੈ। ਇਹ ਵਿਸ਼ੇਸ਼ ਗੋਲ ਜਾਂ ਘੇਰੇ ਤਕ ਸੀਮਿਤ ਖੇਤਰ ਦੇ ਚਿੱਤਰ ਲੈਂਦਾ ਹੈ। ਚਿੱਤਰ 11

**ਸਥਿਰ ਜਾਂ ਫਿਟ ਕੀਤਾ ਹੋਇਆ ਕੈਮਰਾ (Fixed Camera)** : ਇਹ ਕਿਸੇ ਵਿਸ਼ੇਸ਼ ਦਿਸ਼ਾ ਵਲ ਨੂੰ ਮੂੰਹ ਕਰਕੇ ਫਿਟ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਆਮ ਤੌਰ ਤੇ ਨੇੜੇ ਦੇ ਏਰੀਏ ਦੀ ਨਜਰਸਾਨੀ ਲਈ ਕੀਤੀ ਜਾਂਦੀ ਹੈ, ਜੋ ਜਿਆਦਾਤਰ ਬਾਹਰ ਵਾਲੇ ਖੇਤਰ ਲਈ ਵਰਤਿਆ ਜਾਂਦਾ ਹੈ।

**ਕੜਾਹੀ ਦੀ ਸ਼ਕਲ ਵਾਲਾ, ਘੁੰਮਣ ਵਾਲਾ ਅਤੇ ਅਵਾਜ ਦੇਣ ਵਾਲਾ ਕੈਮਰਾ (Pantilt and Zoom):** ਇਕ ਪੀ ਟੀ ਜੈੱਡ ਕੈਮਰਾ (ਚਿੱਤਰ 12) ਇਕ ਕਲੋਜ਼ਡ ਸਰਕਟ ਕੈਮਰਾ ਹੈ ਜੋ ਸੁਰੱਖਿਆ ਦੇ ਕੰਮਾਂ ਲਈ ਕਾਫੀ ਗੁਣਾਂ ਨਾਲ ਭਰਪੂਰ ਹੈ। ਇਸ ਨਾਲ ਕਿਸੇ ਵਸਤੂ ਤੇ ਵਿਸ਼ੇਸ਼ ਕੇਂਦਰਿਤ ਕਰਕੇ ਤਸਵੀਰਾਂ ਖਿੱਚੀਆਂ ਜਾਂਦੀਆਂ ਹਨ। ਇਹ ਖੱਬੇ ਤੋਂ ਸੱਜੇ ਵੱਲ ਘੁੰਮਦਾ ਰਹਿੰਦਾ ਹੈ ਅਤੇ ਦੁਬਾਰਾ ਖੱਬੇ ਤੋਂ ਸੱਜੇ ਵੱਲ ਅਤੇ ਫਿਰ ਖੱਬੇ ਤੋਂ ਉੱਪਰ ਵੱਲ ਅਤੇ ਇਸ ਤਰ੍ਹਾਂ ਲਗਾਤਾਰ ਉਪਰ ਥੱਲੇ ਚਲਦਾ ਰਹਿੰਦਾ ਹੈ। ਇੱਧਰ ਉੱਧਰ ਅਤੇ ਉੱਪਰ ਥੱਲੇ ਘੁੰਮਣ ਵਾਲੀਆਂ ਕਿਸਮਾਂ ਵਾਲਾ ਕੈਮਰਾ (Infrared ray IRR based camera) ਇਹ ਕੈਮਰਾ ਇੱਧਰ ਉਧਰ ਘੁੰਮਣ ਵਾਲੀਆਂ ਕਿਰਨਾਂ ਦੀ ਮਦਦ ਨਾਲ ਤਸਵੀਰਾਂ ਪਕੜਦਾ ਹੈ। ਇਹ ਕੈਮਰਾ ਬਹੁਤ ਹੀ ਘੱਟ ਰੋਸ਼ਨੀ ਅਤੇ ਬਿਲਕੁਲ ਹਨੇਰੇ ਵਾਲੀ ਹਾਲਤ ਵਿਚ ਵੀ ਫੋਟੋ ਖਿੱਚ ਲੈਂਦਾ ਹੈ।



Figure 14: DVR

ਡਿਜਟਿਲ ਵੀਡਿਓ ਰਿਕਾਰਡਰ (**(DVR) Digital video Recorder)** : ਇਹ ਇਕ ਅਜਿਹਾ ਯੰਤਰ ਹੈ ਜੋ ਕੈਮਰੇ ਤੋਂ ਚਿੱਤਰ ਲੈਂਦਾ ਹੈ ਅਤੇ ਆਪਣੀ ਹਾਰਡ ਡਿਸਕ ਵਿਚ ਉਨ੍ਹਾਂ ਨੂੰ ਸਟੋਰ ਕਰ ਲੈਂਦਾ ਹੈ।

ਸੀ ਸੀ ਟੀ ਵੀ ਦਾ ਉਦੇਸ਼ ਸੀ ਸੀ ਟੀ ਵੀ ਸਿਸਟਮ ਬਹੁਤ ਹੀ ਹਰਮਨ ਪਿਆਰੇ ਨਜ਼ਰਸਾਨੀ ਸੰਬੰਧੀ ਸਾਜੋ-ਸਮਾਨ (ਗੈਜਿਟ) ਵਿਚੋਂ ਇਕ ਹੈ। ਇਹ ਬਿਲਕੁਲ ਸਾਫ, ਸਪੱਸ਼ਟ ਗਤੀਵਿਧੀਆਂ ਦਰਸਾਉਣ ਅਤੇ ਵਾਰਦਾਤਾਂ ਦੇ ਸਪੱਸ਼ਟ ਫੋਟੋ ਲੈਣ ਦੇ ਯੋਗ ਹੈ। ਇਹ ਉਨ੍ਹਾਂ ਵਾਰਦਾਤਾਂ ਦੇ ਚਿੱਤਰਾਂ ਨੂੰ ਤਫਤੀਸ਼, ਸਰੀਰ ਦੇ ਅੰਗਾਂ ਦੇ ਸਪਰਸ਼ ਸੰਬੰਧੀ ਗਿਆਨ ਅਤੇ ਗਵਾਹੀਆਂ ਜਾਂ ਸਬੂਤ ਜਟਾਉਣ ਲਈ ਵਧੀਆ ਸਾਧਨ ਵਜੋਂ ਕੰਮ ਕਰਦਾ ਹੈ।

ਸਰਕਾਰੀ ਅਤੇ ਨਿੱਜੀ ਕਾਰਨਾਂ ਕਰਕੇ ਸੀ ਸੀ ਟੀ ਵੀ ਕੈਮਰੇ ਬਹੁਤ ਸਾਰੇ ਸਥਾਨਾਂ ਤੇ ਵਰਤੇ ਜਾਂਦੇ ਹਨ। ਇਹ ਸਰਕਾਰੀ ਕੰਮਾਂ ਦੇ ਨਾਲ ਨਿੱਜੀ ਕੰਮਾਂ ਲਈ ਵੀ ਵਰਤੇ ਜਾਂਦੇ ਹਨ। ਕੁਝ ਆਮ ਸਥਾਨਾਂ ਜਿਥੇ ਸੀ ਸੀ ਟੀ ਵੀ ਕੈਮਰੇ ਲਗਾਏ ਜਾਂਦੇ ਹਨ,ਉਨ੍ਹਾਂ ਵਿੱਚ ਹੇਠ ਲਿਖੇ ਸਥਾਨ ਸ਼ਾਮਲ ਹਨ।

- ਉਤਪਾਦਨ ਇਕਾਈਆਂ ਕਾਰਖਾਨੇ ਆਦਿ
- ਵਪਾਰਕ ਅਦਾਰੇ
- ਦਫਤਰ
- ਮਾਲ
- ਹਸਪਤਾਲ
- ਹਵਾਈ ਅੱਡਾ
- ਬੱਸ ਸਟੈਂਡ
- ਰੇਲਵੇ ਸਟੇਸ਼ਨ
- ਸੜਕਾਂ
- ਮਨੋਰੰਜਨ ਪਾਰਕ
- ਹੋਟਲ ਅਤੇ ਰੈਸਟੋਰੈਂਟ।

ਸੀ ਸੀ ਟੀ ਵੀ ਸਿਸਟਮ ਦੇ ਪ੍ਰਮੁੱਖ ਭਾਗ ਜਾਂ ਅੰਗ **(Main Parts of CCTV System)**

1. ਕੈਮਰਾ **(Camera):** ਇਹ ਵਸਤੂਆਂ ਅਤੇ ਗਤੀਵਿਧੀਆਂ ਦੀ ਫੋਟੋ ਖਿੱਚਦਾ ਹੈ।

2. ਮੌਨੀਟਰ **(Monitor) :** ਇਸ ਦੀ ਵਰਤੋਂ ਵਿਸ਼ੇਸ਼ ਸਥਾਨਾਂ ਦੇ ਖਿੱਚੇ ਹੋਏ ਚਿੱਤਰਾਂ ਨੂੰ ਦੇਖਣ ਲਈ ਕੀਤੀ ਜਾਂਦੀ ਹੈ, ਜਿਵੇਂ : ਸੁਰੱਖਿਆ ਕੰਟਰੋਲ ਰੂਮ ਆਦਿ।

3. ਸੀ ਪੀ ਯੂ/ਡੀ ਵੀ ਆਰ **(CPU/DVR) :** ਇਹ ਰਿਕਾਰਡ ਨੂੰ ਦਰਜ ਕਰਦਾ ਹੈ ਅਤੇ ਚਿੱਤਰਾਂ ਨੂੰ ਸਟੋਰ ਕਰਦਾ ਹੈ ਅਤੇ ਇਨ੍ਹਾਂ ਨੂੰ ਡਿਜਿਟਲ ਫਾਰਮੈਟ ਵਿਚ ਬਦਲ ਦਿੰਦਾ ਹੈ।

4. ਪਾਵਰ ਸਪਲਾਈ ਯੂਨਿਟ (ਪੀ ਐਸ ਯੂ) : ਇਹ ਕੈਮਰੇ ਅਤੇ ਸਿਸਟਮ ਨੂੰ ਬਿਜਲੀ ਸਪਲਾਈ ਕਰਦੇ ਹਨ।

## ਅਭਿਆਸ EXERCISE

### Activity

ਇਕ ਅਜਿਹੇ ਅਦਾਰੇ ਵਿੱਚ ਜਾਓ ਜਿਥੇ ਸੀ ਸੀ ਟੀ ਵੀ ਕੈਮਰੇ ਲਗਾਏ ਗਏ ਹੋਣ ਅਤੇ ਉਹਨਾਂ ਦੇ ਕੰਮ ਕਰਨ ਦੇ ਤਰੀਕਿਆਂ ਨੂੰ ਸਮਝੋ।

## ਮੁਲਾਂਕਣ ASSESSMENTS

1. ਸੀ ਸੀ ਟੀ ਵੀ ਕੈਮਰੇ ਵਾਲੇ ਸਿਸਟਮ ਦੇ ਉਦੇਸ਼ ਦਾ ਵਰਣਨ ਕਰੋ।

2. ਸੀ ਸੀ ਟੀ ਵੀ ਸਿਸਟਮ ਦੇ ਪ੍ਰਮੁੱਖ ਤਿੰਨ ਲਾਭ ਦੱਸੋ।

3. ਸੀ ਸੀ ਟੀ ਵੀ ਕੈਮਰਿਆਂ ਦੀਆਂ ਕਿਸਮਾਂ ਦੀ ਸੂਚੀ ਬਣਾਓ।

4. ਇਕ ਗੋਲ ਘੁੰਮਦੇ ਕੈਮਰੇ ਅਤੇ ਇਕ ਹੀ ਜਗ੍ਹਾ ਤੇ ਲਗਾਏ ਹੋਏ ਕੈਮਰੇ ਵਿਚ ਕੀ ਅੰਤਰ ਹੈ ?

5. ਪੀ ਟੀ ਜ਼ੈੱਡ (ਪੈਨ, ਟਿਲਟ ਅਤੇ ਜ਼ੂਮ) ਵਾਲੇ ਕੈਮਰੇ ਅਤੇ ਆਈ ਆਰ ਆਰ ਕੈਮਰੇ (ਇਨਫਰੇਰਿਡ ਰੇ) ਵਿਚ ਕੀ ਅੰਤਰ ਹੈ

## ਮੁਲਾਂਕਣ ਲਈ ਜਾਂਚ-ਸੂਚੀ CHECKLIST FOR ASSESSMENT ACTIVITY

ਹੇਠ ਲਿਖੀ ਜਾਂਚ-ਸੂਚੀ ਦਸਤਾਵੇਜ਼ਾਂ ਦੀ ਸੂਚੀ ਦੀ ਵਰਤੋਂ ਕਰੋ ਤਾਂ ਕਿ ਤੁਸੀਂ ਮੁਲਾਂਕਣ ਸੰਬੰਧੀ ਸਾਰੀਆਂ ਜ਼ਰੂਰਤਾਂ ਪੂਰੀਆਂ ਕਰ ਸਕੋ।

ਭਾਗ (ੳ) **Part A**

ਅੰਤਰ ਦਰਸਾਇਆ ਗਿਆ

(ੳ) ਘੁੰਮਣ ਵਾਲੇ ਗੋਲ ਕੈਮਰੇ ਅਤੇ ਇਕ ਜਗ੍ਹਾ ਤੇ ਲਗਾਏ ਕੈਮਰੇ ਵਿਚ।

(ਅ) ਪੀ ਟੀ ਜ਼ੈੱਡ ਕੈਮਰੇ ਅਤੇ ਆਈ ਆਰ ਆਰ ਵਾਲੇ ਕੈਮਰੇ ਵਿਚ।

ਭਾਗ (ਅ) **Part B**

ਜਮਾਤ ਵਿਚ ਹੇਠ ਲਿਖੇ ਤੇ ਚਰਚਾ ਕੀਤੀ ਗਈ:

(ੳ) ਸੀ ਸੀ ਟੀ ਵੀ ਸਿਸਟਮ ਦੇ ਲਾਭ।

ਭਾਗ (ੲ) **Part C**

ਕੰਮ ਦੇ ਪੱਧਰ **Performance standards**

ਕੰਮ ਦੇ ਪੱਧਰਾਂ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ, ਪਰ ਇਥੋਂ ਤਕ ਸੀਮਿਤ ਨਹੀਂ।

| ਕੰਮ ਦੇ ਪੱਧਰ | ਹਾਂ | ਨਹੀਂ |
|---|---|---|
| ਸੀ ਸੀ ਟੀ ਵੀ ਕਾਰਜ ਪ੍ਰਣਾਲੀ ਵਿਚ ਵੱਖ ਵੱਖ ਪ੍ਰਕਾਰ ਦੇ ਵਰਤੇ ਜਾਣ ਵਾਲੇ ਕੈਮਰਿਆਂ ਬਾਰੇ ਜਾਣੋ | | |

## ਕਾਰਜਕਾਲ 4 ਜਨਤਕ ਸੰਬੋਧਨ ਸਿਸਟਮ PUBLIC ADDRESS SYSTEM

### ਢੁਕਵਾਂ ਗਿਆਨ RELEVANT KNOWLEDGE



Figure 15: Speaker



Figure 16: Speaker

ਜਨਤਕ ਸੰਬੋਧਨ ਸਿਸਟਮ (ਪੀ ਏ), ਅਵਾਜ-ਵਧਾਊ ਯੰਤਰ ਜਾਂ ਐਂਪਲੀਫਾਇਰ ਤੇ ਅਧਾਰਿਤ ਇਕ ਅਜਿਹਾ ਸਿਸਟਮ ਹੈ, ਜੋ ਅਵਾਜ ਨੂੰ ਦੂਰ ਤਕ ਪਹੁੰਚਾਉਣ ਅਤੇ ਅਮਨ ਅਤੇ ਹੰਗਾਮੀ ਹਾਲਤਾਂ ਵਿਚ ਸੁਨੇਹੇ ਪ੍ਰਸਾਰਿਤ ਕਰਨ ਲਈ ਬਣਾਇਆ ਗਿਆ ਹੈ। ਇਹ ਸਿਸਟਮ ਕਿਸੇ ਕੇਂਦਰੀ ਸਥਾਨ ਤੋਂ ਸਾਰੇ ਪਾਸੇ ਅਲਾਰਮ ਵਾਲੀ ਅਵਾਜ ਅਤੇ ਸੁਨੇਹੇ ਪ੍ਰਸਾਰਿਤ ਕਰ ਸਕਦਾ ਹੈ। ਇਹ ਕੰਮ ਉਹ ਕੁਝ ਗਿਣੇ ਚੁਣੇ ਸਥਾਨਾਂ ਤੇ ਲਾਊਡ ਸਪੀਕਰਾਂ ਦੀ ਮਦਦ ਨਾਲ ਬਹੁਤ ਹੀ ਵਧੀਆ ਢੰਗ ਨਾਲ ਕਰ ਸਕਦਾ ਹੈ।

### ਕੰਮ Functions

ਜਨਤਕ ਸੰਬੋਧਨ ਸਿਸਟਮ ਇਕ ਬਹੁਤ ਹੀ ਪ੍ਰਭਾਵਸ਼ਾਲੀ ਸਾਧਨ ਹੈ, ਜਿਸ ਦੀ ਵਰਤੋਂ ਬਹੁਤ ਵੱਡੀ ਭੀੜ ਨੂੰ ਸੰਬੋਧਨ ਕਰਨ ਲਈ ਕੀਤੀ ਜਾਂਦੀ ਹੈ। ਇਕ ਵਧੀਆ ਜਨਤਕ ਸੰਬੋਧਨ ਸਿਸਟਮ ਸੁਰੱਖਿਆ ਲਈ ਹੁੰਦਾ ਹੈ, ਜਿਸ ਵਿਚ ਇਲਾਕਿਆਂ ਅਨੁਸਾਰ ਸੁਨੇਹੇ ਪ੍ਰਸਾਰਿਤ ਕੀਤੇ ਜਾਂਦੇ ਹਨ।

### ਜਨਤਕ ਸੰਬੋਧਨ ਪ੍ਰਣਾਲੀ ਦੀਆਂ ਕਿਸਮਾਂ Types of PA System

ਸਥਿਰ ਜਾਂ ਫਿੱਟ ਕੀਤਾ ਹੋਇਆ **(Fixed)** : ਫਿੱਟ ਕੀਤੇ ਹੋਏ ਸਿਸਟਮ ਨੂੰ ਇੱਧਰ ਉੱਧਰ ਲਿਜਾਇਆ ਨਹੀਂ ਜਾ ਸਕਦਾ। ਅਜਿਹੇ ਜਨਤਕ ਸੰਬੋਧਨ ਸਿਸਟਮਾਂ ਦਾ ਇਕ ਵਿਸ਼ਾਲ ਨੈਟਵਰਕ ਹੈ, ਜੋ ਕੇਬਲ ਅਤੇ ਸਪੀਕਰਾਂ ਦੀ ਮਦਦ ਨਾਲ ਕਾਫੀ ਇਲਾਕਿਆਂ ਵਿਚ ਕੰਮ ਕਰਦੇ ਹਨ ਅਤੇ ਇਨ੍ਹਾਂ ਦੇ ਇਕ ਜਾਂ ਦੋ ਮਾਇਕ੍ਰੋਫੋਨ ਹੁੰਦੇ ਹਨ ਜੋ ਆਮ ਸਥਾਨਾਂ ਤੇ ਲਗਾਏ ਗਏ ਹੁੰਦੇ ਹਨ। ਜਿਵੇਂ : ਕੰਟਰੋਲ ਰੂਮ।

### ਸਥਿਰ ਜਾਂ ਫਿਟ ਕੀਤੇ ਹੋਏ ਪੀ ਏ ਦੇ ਪ੍ਰਮੁੱਖ ਭਾਗ ਜਾਂ ਅੰਗ

**Main parts of a fixed PA system**

ਮਾਈਕ੍ਰੋਫੋਨ **(Microphone)**: ਇਹ ਇਕ ਅਜਿਹਾ ਯੰਤਰ ਹੈ ਜੋ ਸੁਣਨਯੋਗ ਸਿਗਨਲਾਂ ਨੂੰ ਬਿਜਲਈ ਪਲਸ ਜਾਂ ਲਹਿਰ ਦੇ ਰੂਪ ਵਿਚ ਬਦਲ ਦਿੰਦਾ ਹੈ ਅਤੇ ਅੱਗੇ ਇਹ ਐਂਪਲੀਫਾਇਰ ਰਾਹੀਂ ਆਵਾਜ਼ ਵਿਚ ਬਦਲ ਦਿੰਦਾ ਹੈ। ਇਹ ਹੱਥ ਵਿਚ ਫੜਨ ਵਾਲਾ ਜਾਂ ਸਟੈਂਡ ਉਪਰ ਲਗਾਇਆ ਹੋਇਆ ਹੁੰਦਾ ਹੈ। ਐਂਪਲੀਫਾਇਰ (Amplifier): ਇਹ ਯੰਤਰ, ਆਵਾਜ਼ ਨੂੰ ਐਂਪਲੀਫਾਇਜ਼ ਜਾਂ ਆਵਾਜ਼ ਨੂੰ ਇਸ ਦੀ ਪੱਧਰ ਦੀ ਜਰੂਰਤ ਅਨੁਸਾਰ ਉੱਚਾ ਜਾਂ ਨੀਂਵਾ ਕਰ ਦਿੰਦਾ ਹੈ। ਇਹ ਬਿਜਲਈ ਤਰੰਗਾਂ ਸਪੀਕਰਾਂ ਵੱਲ ਭੇਜ ਦਿਤੀਆਂ ਜਾਂਦੀਆਂ ਹਨ, ਜੋ ਉੱਚੀ ਆਵਾਜ਼ ਦਾ ਰੂਪ ਧਾਰਨ ਕਰ ਲੈਂਦੀਆਂ ਹਨ।

ਸਪੀਕਰ (Speaker): ਇਹ ਬਿਜਲਈ ਤਰੰਗਾਂ ਨੂੰ ਅਵਾਜ਼ ਦੀਆਂ ਤਰੰਗਾਂ ਵਿਚ ਬਦਲ ਦਿੰਦੇ ਹਨ। ਇਹ ਵਰਤਾਰਾ, ਸੁਣਨਯੋਗ (ਆਡਿਓ) ਬਦਲਾਉ ਇਕਾਈ (Audio Conversion unit) ਅਤੇ ਡਾਇਆਗ੍ਰਾਮ ਦੀ ਮਦਦ ਨਾਲ ਹੁੰਦਾ ਹੈ ਅਤੇ ਇਸ ਤੋਂ ਉਪਰੰਤ ਆਵਾਜ਼ ਸੁਣਾਈ ਦੇਣ ਲੱਗ ਪੈਂਦੀ ਹੈ। ਚਿੱਤਰ ਨੰ: 15 ਅਤੇ 16

ਕਨਸੋਲ ਅਪਰੇਟਰ (**Operator Console**): ਕਨਸੋਲ, ਬਹੁਤ ਸਾਰੇ ਕੰਟਰੋਲਾਂ ਦਾ ਬਣਿਆ ਹੁੰਦਾ ਹੈ, ਜੋ ਅਵਾਜ ਦੀ ਵੰਡ ਨੂੰ ਕੰਟਰੋਲ ਕਰਦਾ ਹੈ ਜਾਂ ਵਿਸ਼ੇਸ਼ ਇਲਾਕਿਆਂ ਜਾਂ ਖੇਤਰਾਂ ਵਿਚ ਸੂਚਨਾਵਾਂ ਦਿੰਦਾ ਹੈ। ਇਹ ਖੇਤਰ ਹਨ : ਫਰਸ਼ ਜਾਂ ਮਕਾਨਾਂ ਦੀਆਂ ਮੰਜਿਲਾਂ, ਗੱਡੀਆਂ ਖੜ੍ਹੀਆਂ ਕਰਨ ਵਾਲੇ ਖੇਤਰ, ਪਾਰਕਿੰਗ ਏਰੀਆ, ਸੁਆਗਤ ਰੂਮ, ਅਰਾਮ ਘਰ ਕੈਫਟੇਰੀਆ ਆਦਿ।

ਗਤੀਸ਼ੀਲ (**Mobile**) : ਗਤੀਸ਼ੀਲ ਕਿਸਮ ਦਾ ਜਨਤਕ ਸੰਬੋਧਨ ਸਿਸਟਮ ਸੰਪੂਰਨ ਅਤੇ ਛੋਟਾ ਹੁੰਦਾ ਹੈ। ਇਸ ਨੂੰ ਹੱਥ ਵਿੱਚ ਫੜਿਆ ਜਾ ਸਕਦਾ ਹੈ ਅਤੇ ਵਰਤੋਂ ਕਰਨ ਵੇਲੇ ਲਿਜਾਇਆ ਵੀ ਜਾ ਸਕਦਾ ਹੈ।



Figure 17: Hand Held Mobile PA system

ਸਥਿਰ ਜਾਂ ਫਿਟ ਅਤੇ ਗਤੀਸ਼ੀਲ ਜਨਤਕ ਸੰਬੋਧਨ ਸਿਸਟਮ ਵਿਚ ਅੰਤਰ:

ਸਥਿਰ ਜਨਤਕ ਸੰਬੋਧਨ ਸਿਸਟਮ (**Fixed P.A System**)

- ਅਕਾਰ ਵਿਚ ਵੱਡਾ
- ਖਾਸ ਸਥਾਨ ਤੇ ਫਿੱਟ ਕੀਤਾ ਹੋਇਆ
- ਵੱਡੇ ਵੱਡੇ ਸਪੀਕਰਾਂ ਦੇ ਕਾਰਨ ਸੁਣਨ ਦਾ ਪੱਧਰ ਵਧੀਆ
- ਦੂਰ ਤਕ ਸੁਣਨਯੋਗ

ਅਸਥਿਰ ਜਨਤਕ ਸੰਬੋਧਨ ਸਿਸਟਮ **Mobile - PA System Megaphone**



Figure 18: Shoulder Hung Mobile PA system

- ਅਕਾਰ ਵਿਚ ਛੋਟਾ
- ਫਿੱਟ ਕਰਨ ਦੀ ਜਰੂਰਤ ਨਹੀਂ
- ਸੁਣਨ ਦੀ ਸੀਮਿਤ ਦੂਰੀ
- Cheaper.

ਸਸਤਾ ਮੈਗਾਫੋਨ ਦੋ ਕਿਸਮ ਦਾ ਹੁੰਦਾ **Megaphone is of two types:**

- ਹੱਥ ਵਿੱਚ ਫੜਨ ਵਾਲਾ
- ਮੋਢੇ ਤੇ ਲਟਕਾਉਣ ਵਾਲਾ।

**Main parts of a hand-held megaphone**

ਹੱਥ ਵਿਚ ਫੜਨ ਵਾਲੇ ਮੈਗਾਫੋਨ ਦੇ ਪ੍ਰਮੁੱਖ ਭਾਗ ਜਾਂ ਅੰਗ

ਪ੍ਰਮੁੱਖ ਬਾਡੀ ਦੇ ਅੰਦਰ ਸਪੀਕਰ, ਟਿਕਾਉਣ ਵਾਲਾ ਸਟੈਂਡ, ਬੈਟਰੀ ਵਾਲਾ ਭਾਗ, ਸਪਰਿੰਗ ਕੌਰਡ ਜਾਂ ਧਾਗਾ, ਸਾਇਰਨ ਜਾਂ ਉੱਚੀ ਅਵਾਜ਼ ਦੇਣ ਵਾਲਾ ਸਵਿੱਚ, ਮੋਢੇ ਤੇ ਲਟਕਾਉਣ ਵਾਲੀ ਟੁਕੜੀ, 12 ਵੋਲਟ ਦੀ ਮਾਤਰਾ ਵਾਲਾ ਬਾਹਰੀ ਪਾਵਰ ਸਪਲਾਈ ਸਥਾਨ, ਪਿਛਲੇ ਪਾਸੇ ਨੂੰ ਢਕਣ ਵਾਲਾ ਕਵਰ ਅਤੇ ਸੈੱਲ ਰੱਖਣ ਵਾਲਾ ਸਥਾਨ, ਮੋਢੇ ਤੇ ਲਟਕਾਏ ਜਾਣ ਵਾਲੇ ਮੈਗਾਫੋਨ ਦੇ ਪ੍ਰਮੁੱਖ ਭਾਗ ਹਨ। ਅਸਥਿਰ ਸੰਬੋਧਨ ਸਿਸਟਮ ਦੀ ਵਰਤੋਂ ਕਰਦੇ ਹੋਏ ਮਾਇਕ੍ਰੋਫੋਨ ਅਸੈਂਬਲੀ ਵਿਚ ਅਵਾਜ ਦੀ ਮਾਤਰਾ ਨੂੰ ਕੰਟਰੋਲ ਕਰਨ ਵਾਲਾ, ਅਵਾਜ਼ ਚਲਾਉਣ ਵਾਲਾ ਪ੍ਰੈਸ ਬਟਨ ਜਾਂ ਗੱਲ ਕਰਨ ਲਈ ਦਬਾਉਣ ਵਾਲਾ ਬਟਨ ਹੁੰਦੇ ਹਨ।

ਮੋਢੇ ਉੱਤੇ ਲਟਕਾਉਣ ਵਾਲੇ ਮੈਗਾਫੋਨ ਦੇ ਪ੍ਰਮੁੱਖ ਭਾਗ ਜਾਂ ਹਿੱਸੇ

**Main parts of a shoulder hung mega phone**

ਪ੍ਰਮੁੱਖ ਬਾਡੀ ਦੇ ਅੰਦਰ ਸਪੀਕਰ, ਟਿਕਾਉਣ ਵਾਲਾ ਸਟੈਂਡ, ਬੈਟਰੀ ਵਾਲਾ ਭਾਗ, ਸਪਰਿੰਗ ਕੌਰਡ ਜਾਂ ਧਾਗਾ, ਸਾਇਰਨ ਜਾਂ ਉੱਚੀ ਅਵਾਜ਼ ਦੇਣ ਵਾਲਾ ਸਵਿੱਚ, ਮੋਢੇ ਤੇ ਲਟਕਾਉਣ ਵਾਲੀ ਟੁਕੜੀ, 12 ਵੋਲਟ ਦੀ ਮਾਤਰਾ ਵਾਲਾ ਬਾਹਰੀ ਪਾਵਰ ਸਪਲਾਈ ਸਥਾਨ, ਪਿਛਲੇ ਪਾਸੇ ਨੂੰ ਢਕਣ ਵਾਲਾ ਕਵਰ ਅਤੇ ਸੈੱਲ ਰੱਖਣ ਵਾਲਾ ਸਥਾਨ, ਮੋਢੇ ਤੇ ਲਟਕਾਏ ਜਾਣ ਵਾਲੇ ਮੈਗਾਫੋਨ ਦੇ ਪ੍ਰਮੁੱਖ ਭਾਗ ਹਨ। ਅਸਥਿਰ ਸੰਬੋਧਨ ਸਿਸਟਮ ਦੀ ਵਰਤੋਂ ਕਰਦੇ ਹੋਏ ਮਾਇਕ੍ਰੋਫੋਨ ਅਸੈਂਬਲੀ ਵਿਚ ਅਵਾਜ ਦੀ ਮਾਤਰਾ ਨੂੰ ਕੰਟਰੋਲ ਕਰਨ ਵਾਲਾ, ਅਵਾਜ਼ ਚਲਾਉਣ ਵਾਲਾ ਪ੍ਰੈਸ ਬਟਨ ਜਾਂ ਗੱਲ ਕਰਨ ਲਈ ਦਬਾਉਣ ਵਾਲਾ ਬਟਨ ਹੁੰਦੇ ਹਨ।

**Operating a mobile PA system (megaphone)**

**ਹੱਥ ਵਿਚ ਫੜਨ ਯੋਗ Hand -held type**

- x ਗਰਿੱਪ ਤੋਂ ਮੈਗਾਫੋਨ ਨੂੰ ਫੜੋ ਅਤੇ ਇਸ ਨੂੰ ਆਪਣੇ ਮੂੰਹ ਦੇ ਕੋਲ ਲੈ ਜਾਓ। ਇਹ ਸਭ ਕੁੱਝ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਇਸ ਦਾ ਸਪੀਕਰ ਸਾਹਮਣੇ ਵਾਲੇ ਪਾਸੇ ਹੋਵੇ ਅਤੇ ਮਾਇਕ੍ਰੋਫੋਨ ਦਾ ਆਖਰੀ ਸਿਰਾ ਤੁਹਾਡੇ ਮੂੰਹ ਦੇ ਕੋਲ ਹੋਵੇ।
- x ਪੀ ਟੀ ਟੀ ਬਟਨ ਦਬਾਓ ਅਤੇ ਗੱਲ ਕਰੋ ਜਦੋਂ ਤੁਸੀਂ ਭੀੜ ਜਾਂ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕਰਨਾ ਚਾਹੁੰਦੇ ਹੋ।

**ਮੋਢੇ ਤੇ ਲਟਕਾਉਣ ਯੋਗ Shoulder hung type**

- x ਮੋਢੇ ਤੇ ਲਟਕਾਉਣ ਵਾਲੀ ਸਟ੍ਰੇਪ ਦੀ ਮਦਦ ਨਾਲ ਮੈਗਾਫੋਨ ਨੂੰ ਮੋਢੇ ਤੇ ਲਟਕਾਓ।
- x ਮਾਇਕ੍ਰੋਫੋਨ ਅਸੈਂਬਲੀ ਨੂੰ ਹੱਥ ਵਿਚ ਫੜੋ ਅਤੇ ਇਸ ਨੂੰ ਮੂੰਹ ਦੇ ਨੇੜੇ ਲੈ ਕੇ ਜਾਓ। ਸਪੀਕਰ ਦੀ ਦਿਸ਼ਾ ਲੋਕਾਂ ਦੀ ਭੀੜ ਵਲ ਕਰਕੇ ਰੱਖੋ।
- x ਜਦੋਂ ਤੁਸੀਂ ਲੋਕਾਂ ਦੀ ਭੀੜ ਜਾਂ ਸਭਾ ਵਿਚ ਬੋਲਣਾ ਚਾਹੁੰਦੇ ਹੋ ਤਾਂ ਪੀ ਟੀ ਟੀ ਬਟਨ ਨੂੰ ਦਬਾਓ ਅਤੇ ਗਲਬਾਤ ਕਰੋ
- x ਅਵਾਜ ਨੂੰ ਜਰੂਰਤ ਅਨੁਸਾਰ ਉੱਚਾ ਜਾਂ ਨੀਵਾਂ ਕਰੋ।

## ਅਭਿਆਸ EXERCISE

ਸੁਰੱਖਿਆ ਪ੍ਰਯੋਗਸ਼ਾਲਾ/ਸਿਖਲਾਈ ਦੇਣ ਵਾਲੀ ਸੰਸਥਾ ਵਿਚ ਜਾਓ ਅਤੇ ਵੱਖ-ਵੱਖ ਕਈ ਪ੍ਰਕਾਰ ਦੇ ਜਨਤਕ ਸੰਬੋਧਨ (ਪਬਲਿਕ ਅਡ੍ਰੈਸ) ਸਿਸਟਮ ਦੀਆਂ ਕਈ ਕਿਸਮਾਂ ਦਾ ਅਧਿਐਨ ਕਰੋ। ਇਹ ਪਤਾ ਕਰੋ ਕਿ ਇਨ੍ਹਾਂ ਸਿਸਟਮਾਂ ਜਾਂ ਕਾਰਜ-ਪ੍ਰਣਾਲੀਆਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਵਰਤੋਂ ਹੋ ਸਕਦੀ ਹੈ।

## ਮੁਲਾਂਕਣ ASSESSMENTS

### ਛੋਟੇ ਉੱਤਰਾਂ ਵਾਲੇ ਪ੍ਰਸ਼ਨ Short Answer Questions

1. ਸੁਰੱਖਿਆ ਵਿਚ ਜਨਤਕ ਸੰਬੋਧਨ ਸਿਸਟਮ (PA) ਦੇ ਲਾਭ ਦੱਸੋ।

2. ਜਨਤਕ ਸੰਬੋਧਨ ਸਿਸਟਮ (PA) ਦੀਆਂ ਕਿਸਮਾਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਬਾਰੇ ਸੰਖੇਪ ਵਿਚ ਵਰਣਨ ਕਰੋ।

3. ਇਕ ਜਗ੍ਹਾ ਲਗਾ ਕੇ ਰੱਖੇ ਜਾਂ ਫਿਟ ਕੀਤੇ ਹੋਏ ਜਨਤਕ ਸੰਬੋਧਨ ਸਿਸਟਮ ਦੇ ਪ੍ਰਮੁੱਖ ਭਾਗਾਂ ਦੀ ਸੂਚੀ ਬਣਾਓ।

4. ਮਾਇਕ੍ਰੋਫੋਨ (ਮਾਇਕ) ਅਤੇ ਸਪੀਕਰ ਦੇ ਕੰਮ ਦਾ ਵਰਣਨ ਕਰੋ।

5. ਆਵਾਜ਼ ਵਧਾਊਯੰਤਰ (ਐਂਪਲੀਫਾਇਰ) ਅਤੇ ਕਨਸੋਲ ਅਪਰੇਟਰ ਦੇ ਕੰਮ ਦਾ ਵਰਣਨ ਕਰੋ।

## ਮੁਲਾਂਕਣ ਲਈ ਜਾਂਚ-ਸੂਚੀ CHECKLIST FOR ASSESSMENT ACTIVITY

ਹੇਠ ਲਿਖੀ ਦਸਤਾਵੇਜ਼ ਸੂਚੀ ਦੀ ਵਰਤੋਂ ਕਰੋ ਅਤੇ ਮੁਲਾਂਕਣ ਸੰਬੰਧੀ ਜਰੂਰਤਾਂ ਨੂੰ ਪੂਰਾ ਕਰੋ।

**ਭਾਗ (ੳ) Part A**

ਫਰਕ ਦਰਸਾਇਆ ਗਿਆ : Differentiated between

(ੳ) ਸਥਿਰ ਜਾਂ ਇਕ ਸਥਾਨ ਤੇ ਫਿਟ ਕੀਤੇ ਹੋਏ ਅਤੇ ਘੁੰਮਣ ਵਾਲੇ ਜਨਤਕ ਸੰਬੋਧਨ ਸਿਸਟਮ ਵਿਚ

(ਅ) ਮਾਇਕ੍ਰੋਫੋਨ ਅਤੇ ਸਪੀਕਰ ਵਿਚ।

**(ਭਾਗ ਅ) Part B**

ਜਮਾਤ ਵਿਚ ਹੇਠ ਲਿਖੇ ਤੇ ਚਰਚਾ ਕੀਤੀ ਗਈ :
Discussed in class the following:

(ੳ) ਜਨਤਕ ਸੰਬੋਧਨ ਸਿਸਟਮ ਦੀਆਂ ਵੱਖ ਵੱਖ ਕਿਸਮਾਂ ਬਾਰੇ ਦਸੋ ?

(ਅ) ਜਨਤਕ ਸੰਬੋਧਨ ਸਿਸਟਮ ਦੇ ਕਿਹੜੇ ਕਿਹੜੇ ਲਾਭ ਹਨ ?

**ਭਾਗ ੲ Part C**

**ਕੰਮ ਦੇ ਪੱਧਰ** Performance standards

ਕੰਮ ਦੇ ਪੱਧਰਾਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਇਹ ਸੀਮਿਤ ਨਹੀਂ ਹਨ।

| ਕੰਮ ਦੇ ਪੱਧਰ Performance standards | ਹਾਂ | ਨਹੀਂ |
|---|---|---|
| ਜਨਤਕ ਸੰਬੋਧਨ ਸਿਸਟਮ ਦੇ ਕਈ ਭਾਗਾਂ ਬਾਰੇ ਦੱਸੋ ਜਿਵੇਂ: ਮਾਇਕ੍ਰੋਫੋਨ, ਸਪੀਕਰ, ਐਂਪਲੀਫਾਇਰ, ਕਨਸੋਲ ਆਦਿ। | | |
| ਜਨਤਕ ਸੰਬੋਧਨ ਸਿਸਟਮ ਦੇ ਬਲਾਕ ਦਾ ਰੇਖਾ ਚਿੱਤਰ ਬਣਾਓ। | | |

# ਖੇਤਰ : ਸੁਰੱਖਿਆ

ਐੱਨ ਐੱਸ ਕਿਊ ਐੱਫ ਪੱਧਰ 4 (ਬਾਰ੍ਹਵੀਂ ਸ਼੍ਰੇਣੀ)

ਐੱਸ ਐੱਸ 403-ਐਨ ਕਿਊ 2016-ਸੁਰੱਖਿਆ ਖੇਤਰ (ਵਿਕਸਿਤ) ਵਿਚ ਕਾਨੂੰਨੀ ਅਤੇ ਕਾਰਜ ਵਿਧੀ ਸੰਬੰਧੀ ਜ਼ਰੂਰਤਾਂ

ਵਿਦਿਆਰਥੀ ਕਾਰਜ-ਪੁਸਤਕ

# ਵਿਸ਼ਾ-ਸੂਚੀ


| | |
|---|---|
| ਭੂਮਿਕਾ **INTRODUCTION** | 62 |
| ਕਾਰਜਕਾਲ:1 : ਦੇਸ਼ ਦਾ ਕਾਨੂੰਨ | 63 |
| ਕਾਰਜਕਾਲ 2: ਵਿਸ਼ੇਸ਼ ਕਾਨੂੰਨ | 70 |
| ਕਾਰਜਕਾਲ 3: ਪੀ ਐਸ ਏ ਆਰ ਏ-2005 ਦੇ ਅਨੁਸਾਰ ਸੁਰੱਖਿਆ ਕਰਮਚਾਰੀਆਂ ਲਈ-ਸਿਖਲਾਈ | 73 |
| ਕਾਰਜਕਾਲ 4: ਪੀ ਐਸ ਏ ਆਰ ਏ-2005 ਅਨੁਸਾਫਤੀਸ਼ | 78 |
| ਕਾਰਜਕਾਲ 5: ਨਿੱਜੀ ਸੁਰੱਖਿਆ ਕਰਮਚਾਰੀਆਂ ਦੀਆਂ ਸੇਵਾ-ਸ਼ਰਤਾਂ | 82 |

## ਭੂਮਿਕਾ INTRODUCTION



ਭਾਰਤ ਨੂੰ ਸੁਰੱਖਿਆ ਸੰਬੰਧੀ ਕਈ ਖ਼ਤਰੇ ਹਨ। ਸਰਕਾਰੀ ਅਦਾਰੇ, ਸੰਸਥਾਵਾਂ, ਜਨਤਕ ਅਤੇ ਧਾਰਮਿਕ ਸਥਾਨ, ਸੰਵੇਦਨਸ਼ੀਲ ਸਥਾਨ ਅਤੇ ਵਪਾਰਕ ਸਥਾਨ, ਆਮ ਤੌਰ ਤੇ ਅਪਰਾਧੀਆਂ ਅਤੇ ਆਤੰਕਵਾਦੀਆਂ ਦੇ ਨਿਸ਼ਾਨੇ ਤੇ ਹੁੰਦੇ ਹਨ।

ਇਸ ਪ੍ਰਕਾਰ, ਸੁਰੱਖਿਆ ਦੀ ਜ਼ਰੂਰਤ ਕਈ ਗੁਣਾਂ ਅਤੇ ਕਈ ਪੱਖਾਂ ਤੋਂ ਵੱਧ ਗਈ ਹੈ। ਭਾਵੇਂ ਨਿੱਜੀ ਸੁਰੱਖਿਆ ਨਾ ਤਾਂ ਹਥਿਆਰਬੰਦ ਹੈ ਅਤੇ ਨਾ ਹੀ ਕਾਨੂੰਨ ਦੁਆਰਾ ਇਸ ਨੂੰ ਸ਼ਕਤੀਆਂ ਦਿੱਤੀਆਂ ਹਨ। ਫਿਰ ਵੀ ਨਿੱਜੀ ਸੁਰੱਖਿਆ ਕਰਮਚਾਰੀਆਂ ਦੀ ਹਾਜ਼ਰੀ ਜ਼ੁਰਮ ਅਤੇ ਹਿੰਸਾ ਨੂੰ ਰੋਕਦੀ ਹੈ ਕਿਉਂਕਿ ਸੁਰੱਖਿਆ ਕਰਮਚਾਰੀ ਹਮੇਸ਼ਾ ਸਾਵਧਾਨ ਜਾਂ ਚੁਕੰਨੇ ਰਹਿੰਦੇ ਹਨ। ਸਰਕਾਰ ਲਈ ਨਿੱਜੀ ਸੁਰੱਖਿਆ ਦੀਆਂ ਸੇਵਾਵਾਂ ਦੀ ਗੁਣਵੱਤਾ ਦਾ ਵਿਸ਼ਾ ਮਹੱਤਵਪੂਰਨ ਰਿਹਾ ਹੈ। ਨਿੱਜੀ ਸੁਰੱਖਿਆ ਏਜੰਸੀਆਂ ਨੂੰ ਠੀਕ ਤਰ੍ਹਾਂ ਚਲਾਉਣ ਲਈ ਭਾਰਤ ਸਰਕਾਰ ਨੇ ਸੰਨ 2005 ਵਿਚ, ਨਿੱਜੀ ਸੁਰੱਖਿਆ ਏਜੰਸੀਆਂ ਸੰਬੰਧੀ ਕਾਨੂੰਨ ਪਾਸ ਕੀਤਾ । ਰਾਜਾਂ ਨੂੰ ਕਿਹਾ ਗਿਆ ਕਿ ਉਹ ਵੀ ਆਪਣੇ ਪੱਧਰ ਤੇ ਇਸ ਸੰਬੰਧੀ ਕਾਨੂੰਨ ਬਣਾਉਣ, ਉਨ੍ਹਾਂ ਕਾਨੂੰਨਾਂ ਦਾ ਐਲਾਨ ਕਰਨ ਅਤੇ ਉਨ੍ਹਾਂ ਨੂੰ ਲਾਗੂ ਕਰਨ।

ਪੀ ਐਸ ਏ ਆਰ ਏ (PSARA)-2005 ਨਿੱਜੀ ਸੁਰੱਖਿਆ ਏਜੰਸੀਆਂ ਅਤੇ ਸੁਰੱਖਿਆ ਕਰਮਚਾਰੀਆਂ ਦੇ ਲਾਇਸੈਂਸ ਅਤੇ ਉਨ੍ਹਾਂ ਦੀ ਸਿਖਲਾਈ ਸੰਬੰਧੀ ਸੇਧਾਂ ਜਾਂ ਨਿਰਦੇਸ਼ ਤਿਆਰ ਕਰਦਾ ਹੈ। ਹਰੇਕ ਰਾਜ ਕੋਲ ਸੁਰੱਖਿਆ ਸੰਬੰਧੀ ਅਥਾਰਟੀ ਜਾਂ ਸਮੱਰਥ ਅਧਿਕਾਰੀ ਜਾਂ ਸੰਸਥਾ ਹੁੰਦੀ ਹੈ ਜੋ, ਪੀ ਐਸ ਏ ਆਰ ਏ ਦੀਆਂ ਸ਼ਰਤਾਂ ਅਨੁਸਾਰ ਨਿੱਜੀ ਸੁਰੱਖਿਆ ਕਰਮਚਾਰੀਆਂ ਨੂੰ ਲਾਇਸੈਂਸ ਪ੍ਰਦਾਨ ਕਰਨ ਅਤੇ ਉਨ੍ਹਾਂ ਦੀ ਸਿਖਲਾਈ ਵਾਲੇ ਪੱਖਾਂ ਵੱਲ ਵੀ ਧਿਆਨ ਦਿੰਦੀ ਹੈ। ਨਿੱਜੀ ਸੁਰੱਖਿਆ ਸੰਬੰਧੀ ਕਰਮਚਾਰੀ ਕੋਲ ਅਮਨ ਅਤੇ ਕਾਨੂੰਨ ਬਣਾਈ ਰੱਖਣ ਲਈ ਕੋਈ ਕਾਨੂੰਨੀ ਸ਼ਕਤੀ ਨਹੀਂ ਹੁੰਦੀ। ਸੁਰੱਖਿਆ ਕਰਮਚਾਰੀਆਂ ਦੇ ਅਧਿਕਾਰ ਅਤੇ ਕਰੱਤਵ, ਆਮ ਨਾਗਰਿਕਾਂ ਵਾਂਗ ਹੀ ਹਨ। ਪਰ ਉਨ੍ਹਾਂ ਦੇ ਕੰਮ ਅਤੇ ਸਾਵਧਾਨੀ ਸੰਬੰਧੀ ਕਾਰਵਾਈਆਂ ਪੁਲਿਸ ਫਾਇਰ-ਬ੍ਰਿਗੇਡ ਅਤੇ ਹੋਰ ਹੰਗਾਮੀ ਸੇਵਾਵਾਂ ਵਿਚ ਮਦੱਦ ਕਰਦੀਆਂ ਹਨ ਤਾਂ ਕਿ ਕੋਈ ਗੰਭੀਰ ਸੁਰੱਖਿਆ ਸੰਬੰਧੀ ਵਾਰਦਾਤ ਨਾ ਹੋ ਜਾਵੇ। ਨਿੱਜੀ ਸੁਰੱਖਿਆ ਕਰਮਚਾਰੀਆਂ ਨੂੰ ਪੁਲਿਸ, ਫਾਇਰ ਬ੍ਰਿਗੇਡ ਅਤੇ ਹੰਗਾਮੀ ਸੇਵਾਵਾਂ ਨਾਲ ਪੂਰਾ ਸੰਪਰਕ ਜਾਂ ਤਾਲ-ਮੇਲ ਕਰਕੇ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਲੋਕਾਂ ਦੇ ਜਾਨ-ਮਾਲ ਅਤੇ ਅਦਾਰਿਆਂ ਦੀ ਪੂਰੀ ਤਰ੍ਹਾਂ ਸੁਰੱਖਿਆ ਹੋ ਸਕੇ।

ਇਹ ਇਕਾਈ ਦੇਸ਼ ਦੇ ਕਾਨੂੰਨ ਦੇ ਮੁੱਢਲੇ ਪੱਖਾਂ, ਪੀ ਐਸ ਏ ਆਰ ਏ-2005 ਨਿੱਜੀ ਸੁਰੱਖਿਆ ਕਰਮਚਾਰੀਆਂ ਦੀਆਂ ਸੇਵਾ-ਸ਼ਰਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਨੂੰਨ ਅਤੇ ਨਿਯਮਾਵਲੀਆਂ ਸੰਬੰਧੀ ਜਾਣਕਾਰੀ ਦਿੰਦੀ ਹੈ।

## ਕਾਰਜਕਾਲ 1: ਦੇਸ਼ ਦਾ ਕਾਨੂੰਨ SESSION 1: THE LAND OF LAW

### ਢੁੱਕਵਾਂ ਗਿਆਨ RELEVANT KNOWLEDGE

ਭਾਰਤ ਦਾ ਸੰਵਿਧਾਨ ਆਪਣੇ ਨਾਗਰਿਕਾਂ ਨੂੰ ਮਨੁੱਖੀ ਅਧਿਕਾਰਾਂ, ਧਰਮ ਅਤੇ ਜਾਨ-ਮਾਲ ਸੰਬੰਧੀ ਬਰਾਬਰ ਦੇ ਅਧਿਕਾਰ ਪ੍ਰਦਾਨ ਕਰਦਾ ਹੈ।

ਭਾਰਤ ਵਿਚ ਅਮਨ ਅਤੇ ਕਾਨੂੰਨ ਰਾਜ ਦੀ ਵਿਸ਼ਾ ਸੂਚੀ ਵਿਚ ਆਉਂਦਾ ਹੈ ਅਤੇ ਰਾਜ ਦੀ ਪੁਲਿਸ ਜ਼ੁਰਮ ਦੀ ਤਫਤੀਸ਼ ਕਰਦੀ ਹੈ ਅਤੇ ਕਸੂਰਵਾਰਾਂ ਨੂੰ ਭਾਰਤੀ ਦੰਡਾਵਲੀ ਤਹਿਤ ਗ੍ਰਿਫਤਾਰ ਕਰਦੀ ਹੈ। ਭਾਰਤੀ ਦੰਡਾਵਲੀ ਜਾਂ ਭਾਰਤੀ ਦੰਡ ਸੰਹਿਤਾ ਭਾਰਤ ਦਾ ਪ੍ਰਮੁੱਖ ਦੰਡ-ਵਿਧਾਨ ਹੈ ਜੋ, ਜੰਮੂ ਅਤੇ ਕਸ਼ਮੀਰ ਨੂੰ ਛੱਡ ਕੇ ਸਾਰੇ ਭਾਰਤ ਵਿੱਚ ਲਾਗੂ ਹੈ। ਇਸ ਵਿੱਚ ਸਾਰੇ ਜੁਰਮਾਂ ਦੀ ਸੂਚੀ ਅਤੇ ਅਪਰਾਧੀਆਂ ਲਈ ਬਣਦੀ ਸਜ਼ਾ ਦਾ ਵਰਣਨ ਕੀਤਾ ਗਿਆ ਹੈ।

ਫੌਜਦਾਰੀ ਕਾਨੂੰਨ (CRPC) ਜੰਮੂ ਅਤੇ ਕਸ਼ਮੀਰ ਨੂੰ ਛੱਡ ਕੇ ਸਾਰੇ ਭਾਰਤ ਵਿੱਚ ਲਾਗੂ ਹੈ, ਜਿਸ ਦਾ ਸੰਬੰਧ ਅਪਰਾਧਿਕ ਮਾਮਲਿਆਂ ਦਾ ਨਿਪਟਾਰਾ ਕਰਕੇ ਇਨਸਾਫ਼ ਦਿਵਾਉਣਾ ਹੈ ਇਹ ਕਾਨੂੰਨ ਜੁਰਮ ਦੀ ਤਫਤੀਸ਼ ਕਰਨ ਦੀ ਵਿਧੀ, ਸ਼ੱਕੀ ਅਪਰਾਧੀਆਂ ਨੂੰ ਅਪਰਾਧ ਤੋਂ ਰੋਕਣ, ਸਬੂਤਾਂ ਨੂੰ ਇਕੱਠਾ ਕਰਨ ਅਤੇ ਗ੍ਰਿਫਤਾਰੀ ਦੇ ਤਰੀਕਿਆਂ ਨੂੰ ਤੈਅ ਕਰਦਾ ਹੈ।

### ਜੁਰਮਾਂ ਦੀਆਂ ਕਿਸਮਾਂ Types of offences

ਗੰਭੀਰ ਅਪਰਾਧ ਜਾਂ ਨਾਜਮਾਨਤ ਯੋਗ ਅਤੇ ਸਾਧਾਰਣ ਅਪਰਾਧ ਜਾਂ ਸੰਗਿਆਨ ਯੋਗ ਅਤੇ ਗੈਰ ਸੰਗਿਆਨ ਯੋਗ ਅਪਰਾਧ (Cognizable and Non Cognizable offences)

**ਸੰਗਿਆਨ (ਸਮਾਇਤ) ਯੋਗ ਅਪਰਾਧ (Cognizable)**:

ਸੰਗਿਆਨ ਯੋਗ ਅਪਰਾਧ ਉਹ ਅਪਰਾਧ ਜਾਂ ਜ਼ੁਰਮ ਹਨ, ਜਿਨ੍ਹਾਂ ਤਹਿਤ ਇਕ ਪੁਲਿਸ ਅਫ਼ਸਰ, ਅਦਾਲਤ ਤੋਂ ਵਾਰੰਟ ਹਾਸਿਲ ਕੀਤੇ ਬਗ਼ੈਰ ਹੀ ਕਿਸੇ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕਰ ਸਕਦਾ ਹੈ।

ਗ਼ੈਰ (ਸੰਗਿਆਨ) ਯੋਗ ਜਾਂ ਗ਼ੈਰ ਸਮਾਇਤ ਯੋਗ ਅਪਰਾਧ **(Non-Cognizable offences)** ਇਹ ਉਹ ਅਪਰਾਧ ਹਨ, ਜਿਸ ਵਿਚ ਪੁਲਿਸ ਸਿਰਫ਼ ਉਸ ਵੇਲੇ ਹੀ ਵਿਅਕਤੀ ਨੂੰ ਗ੍ਰਿਫਤਾਰ ਕਰ ਸਕਦੀ ਹੈ, ਜਦੋਂ ਉਸ ਕੋਲ ਅਦਾਲਤ ਤੋਂ ਵਾਰੰਟ ਪ੍ਰਾਪਤ ਕੀਤੇ ਗਏ ਹੋਣ। ਸਮਾਇਤ ਯੋਗ ਅਪਰਾਧ ਆਮ ਤੌਰ ਤੇ ਘੱਟ ਗੰਭੀਰ ਹੁੰਦੇ ਹਨ।

**ਜ਼ਮਾਨਤ ਯੋਗ ਅਤੇ ਗ਼ੈਰ-ਜ਼ਮਾਨਤ ਯੋਗ ਅਪਰਾਧ** (**Bailable and Non Bailable offences**) ਜ਼ਮਾਨਤਯੋਗ ਅਪਰਾਧ ਉਹ ਅਪਰਾਧ ਹੁੰਦੇ ਹਨ, ਜਿਸ ਵਿਚ ਮੈਜਿਸਟ੍ਰੇਟ ਅਦਾਲਤ ਵਿਚ ਪੇਸ਼ ਹੋਣ ਤੇ ਵਿਅਕਤੀ ਨੂੰ ਜ਼ਮਾਨਤ ਤੇ ਛੱਡ ਸਕਦਾ ਹੈ ਭਾਵ ਜ਼ਮਾਨਤ ਦੇ ਸਕਦਾ ਹੈ।

ਇਸ ਉਦੇਸ਼ ਲਈ ਉਹ ਜ਼ਮਾਨਤੀ ਜਾਂ ਵਿਸ਼ਵਾਸ਼ ਪਾਤਰ ਵਿਅਕਤੀ ਦੀ ਵਿਸ਼ਵਾਸ਼ ਪਾਤ੍ਰਤਾ (Surety) ਮੰਗਦਾ ਹੈ।

ਗ਼ੈਰ ਜ਼ਮਾਨਤੀ ਅਪਰਾਧ (**Non Bailable offences**): ਇਹ ਅਪਰਾਧ ਅਜਿਹੇ ਅਪਰਾਧ ਹਨ, ਜਿਨ੍ਹਾਂ ਅਨੁਸਾਰ ਗ੍ਰਿਫਤਾਰ ਕੀਤਾ ਗਿਆ ਵਿਅਕਤੀ ਜ਼ਮਾਨਤ ਦਾ ਅਧਿਕਾਰੀ ਨਹੀਂ ਹੁੰਦਾ।

ਭਾਰਤੀ ਦੰਡ ਸੰਹਿਤਾ–1960 ਨਿੱਜੀ ਸੁਰੱਖਿਆ ਕਰਮਚਾਰੀ ਦੀ ਰਾਖੀ ਕਰਨ ਵਾਲੀਆਂ ਧਾਰਾਵਾਂ (Sections that Protect Private Security Personnel)

ਪੁਲਿਸ ਹਰੇਕ ਜਗ੍ਹਾ ਹਾਜ਼ਰ ਨਹੀਂ ਰਹਿ ਸਕਦੀ ਤਾਂ ਫਿਰ ਇਸ ਸਥਿਤੀ ਵਿਚ ਨਾਗਰਿਕਾਂ ਦੀ ਰਾਖੀ ਕੌਣ ਕਰਦਾ ਹੈ ? ਇਹ ਨਿੱਜੀ ਸੁਰੱਖਿਆ ਕਰਮਚਾਰੀ ਹੀ ਹਨ, ਜੋ ਲੋਕਾਂ ਦੇ ਜਾਨ ਅਤੇ ਮਾਲ ਦੀ ਰਾਖੀ ਕਰਦੇ ਹਨ। ਇਕ ਨਿੱਜੀ ਸੁਰੱਖਿਆ ਕਰਮਚਾਰੀ ਦੂਸਰੇ ਨਾਗਰਿਕਾਂ ਵਾਂਗ, ਕਾਨੂੰਨ ਤੋਂ ਕੁਝ ਛੋਟ ਪ੍ਰਾਪਤ ਕਰਦਾ ਹੈ। ਕਿਉਂ ਕਿ ਉਹ ਚੰਗੀ ਭਾਵਨਾ ਨਾਲ ਲੋਕਾਂ ਦੇ ਜਾਨ–ਮਾਲ ਦੀ ਰਾਖੀ ਕਰਦਾ ਹੈ। ਭਾਰਤੀ ਦੰਡਾਵਲੀ ਦੀਆਂ ਧਾਰਾਵਾਂ ਜੋ, ਨਿੱਜੀ ਸੁਰੱਖਿਆ ਕਰਮਚਾਰੀ ਉੱਤੇ ਲਾਗੂ ਹੁੰਦੀਆਂ ਹਨ, ਉਨ੍ਹਾਂ ਦਾ ਵਰਣਨ ਹੇਠਾਂ ਕੀਤਾ ਗਿਆ ਹੈ:

ਧਾਰਾ 96 (**Section 96**): ਇਹ ਧਾਰਾ ਕਹਿੰਦੀ ਹੈ ਕਿ "ਨਿੱਜੀ ਸੁਰੱਖਿਆ ਲਈ ਉਠਾਇਆ ਗਿਆ ਕਦਮ ਬਿਲਕੁਲ ਅਪਰਾਧ ਨਹੀਂ ਹੈ।" ਹਰੇਕ ਨਾਗਰਿਕ ਨੂੰ ਆਪਣੀ ਸੁਰੱਖਿਆ ਕਰਨ ਦਾ ਪੂਰਾ–ਪੂਰਾ ਹੱਕ ਹੈ ਅਤੇ ਜ਼ਰੂਰਤ ਪੈਣ ਤੇ ਕਿਤੇ ਵੀ ਇਸ ਹੱਕ ਦੀ ਉਹ ਵਰਤੋਂ ਕਰ ਸਕਦਾ ਹੈ।

ਧਾਰਾ 97 (**Section 97**) : ਇਹ ਧਾਰਾ ਕਹਿੰਦੀ ਹੈ ਕਿ ਹਰੇਕ ਵਿਅਕਤੀ ਨੂੰ ਕੁਝ ਸੀਮਾਵਾਂ ਵਿਚ ਰਹਿ ਕੇ ਆਪਣੀ ਸੁਰੱਖਿਆ ਕਰਨ ਦਾ ਅਧਿਕਾਰ ਹੈ। ਇਹ ਸੀਮਾਵਾਂ ਹਨ

- ਉਸ ਦੇ ਆਪਣੇ ਸਰੀਰ ਅਤੇ ਦੂਸਰੇ ਵਿਅਕਤੀ ਦੇ ਸਰੀਰ ਦੀ ਰਾਖੀ ਕਰਦੇ ਹੋਏ ਕਿਸੇ ਹੋਰ ਦੇ ਸਰੀਰ ਨੂੰ ਨੁਕਸਾਨ ਨਾ ਪਹੁੰਚੇ।
- ਉਸ ਦੀ ਆਪਣੀ ਜਾਂ ਦੂਸਰੇ ਦੀ ਜਾਇਦਾਦ ਦੀ ਚੋਰੀ, ਡਾਕਾ, ਸ਼ਰਾਰਤ ਬਾਜ਼ੀ ਜਾਂ ਹੇਰਾਫੇਰੀ, ਧੱਕੇ ਨਾਲ ਕਬਜ਼ਾ ਧਾਰਾ 97 ਤਹਿਤ ਅਪਰਾਧ ਮੰਨਿਆ ਜਾਵੇਗਾ।

ਧਾਰਾ 100 (**Section** 100) : ਇਹ ਧਾਰਾ ਵਰਣਨ ਕਰਦੀ ਹੈ ਕਿ ਜਦੋਂ ਨਿੱਜੀ ਸੁਰੱਖਿਆ ਦਾ ਅਧਿਕਾਰ ਵਿਅਕਤੀ ਦੀ ਮੌਤ ਜਾਂ ਹੋਰ ਕੋਈ ਨੁਕਸਾਨ ਤਕ ਪਹੁੰਚ ਜਾਵੇ ਤਾਂ ਉਹ ਧਾਰਾ 100 ਤਹਿਤ ਗਿਣਿਆ ਜਾਂਦਾ ਹੈ। ਦੁਸ਼ਮਣ ਵੱਲੋਂ ਹਮਲਾ ਕਰ ਦੇਣ ਦੀ ਹਾਲਤ ਵਿੱਚ ਜੋ ਬਹੁਤ ਹੀ ਗੰਭੀਰ ਅਪਰਾਧ ਹੈ। ਕਾਨੂੰਨ ਆਪਣੀ ਸੁਰੱਖਿਆ ਕਰਨ ਵਾਲੇ ਨੂੰ ਇਹ ਹੱਕ ਪ੍ਰਦਾਨ ਕਰਦਾ ਹੈ ਕਿ ਉਹ ਤਾਕਤ ਦੀ ਵਰਤੋਂ ਕਰੇ, ਭਾਵੇਂ ਹਮਲਾਵਰ ਦੀ ਮੌਤ ਹੀ ਕਿਉਂ ਨਾ ਹੋ ਜਾਵੇ ।

ਹਮਲੇ ਜਾਂ ਮਾਰ–ਕੁਟਾਈ ਵਾਲੇ ਅਪਰਾਧਾਂ ਵਿਚ ਹੇਠ ਲਿਖੇ ਨੁਕਤੇ ਸ਼ਾਮਲ ਹਨ :

x ਅਜਿਹਾ ਹਮਲਾ, ਜਿਸ ਵਿਚ ਬਚਾਅ ਪੱਖ ਦੀ ਮੌਤ ਦੀ ਸੰਭਾਵਨਾ ਹੋ ਜਾਵੇ।

x ਅਜਿਹਾ ਹਮਲਾ, ਜਿਸ ਵਿਚ ਵਿਅਕਤੀ ਦੇ ਗੰਭੀਰ ਸੱਟਾਂ ਲੱਗਣ ਦਾ ਖਤਰਾ ਹੋਵੇ।

x ਬਲਾਤਕਾਰ ਕਰਨ ਦੇ ਇਰਾਦੇ ਨਾਲ ਕੀਤਾ ਗਿਆ ਸਰੀਰਿਕ ਹਮਲਾ।

x ਸਾਹਮਣੇ ਵਾਲੇ ਵਿਅਕਤੀ ਨੂੰ ਗ਼ੈਰ ਕੁਦਰਤੀ ਜਾਂ ਬਹੁਤ ਹੀ ਗੰਭੀਰ ਕਿਸਮ ਦੀਆਂ ਸੱਟਾਂ ਮਾਰਨ ਦਾ ਇਰਾਦਾ।

x ਕਿਸੇ ਵਿਅਕਤੀ ਨੂੰ ਅਗਵਾ ਕਰਨ ਜਾਂ ਉਧਾਲੇ ਦੇ ਇਰਾਦੇ ਨਾਲ ਕੀਤਾ ਗਿਆ ਹਮਲਾ।

x ਕਿਸੇ ਵਿਅਕਤੀ ਨੂੰ ਗ਼ਲਤ ਢੰਗ ਨਾਲ ਬੰਨ੍ਹ ਕੇ ਰੱਖਣ, ਰੋਕ ਲੈਣ ਜਾਂ ਅੰਦਰ ਬੰਦ ਕਰ ਦੇਣ ਦੇ ਇਰਾਦੇ ਨਾਲ ਕੀਤਾ ਗਿਆ ਅਪਰਾਧ ਤਾਂ ਕਿ ਉਹ ਆਪਣੀ ਬੰਦ ਖਲਾਸੀ ਲਈ ਜਨਤਾ ਦੇ ਸਾਹਮਣੇ ਨਾ ਆ ਸਕੇ ਜਾਂ ਸਰਕਾਰੀ ਅਫਸਰ ਦੇ ਅੱਗੇ ਪੇਸ਼ ਨਾ ਹੋ ਸਕੇ।

ਕਾਨੂੰਨ ਹਰੇਕ ਉਸ ਨਾਗਰਿਕ ਨੂੰ ਅਧਿਕਾਰ ਦਿੰਦਾ ਹੈ, ਜਿਸ ਨੂੰ ਇਹ ਸ਼ੱਕ ਹੈ ਕਿ ਉਸ ਦੀ ਜਿੰਦਗੀ ਖਤਰੇ ਵਿਚ ਹੈ ਜਾਂ ਉਸ ਦੇ ਸਰੀਰ ਨੂੰ ਕੋਈ ਗੰਭੀਰ ਸੱਟ ਮਾਰ ਦੇਣ ਦਾ ਖਦਸ਼ਾ ਹੈ ਤਾਂ ਉਹ ਇਸ ਸਥਿਤੀ ਵਿਚ ਆਪਣਾ ਬਚਾਅ ਕਰਨ ਲਈ ਤਾਕਤ ਦੀ ਵਰਤੋਂ ਕਰ ਸਕਦਾ ਹੈ ਅਤੇ ਤਾਕਤ ਦੀ ਵਰਤੋਂ ਕਰਦੇ ਹੋਏ ਜੇ ਹਮਲਾਵਰ ਦੀ ਮੌਤ ਵੀ ਹੋ ਜਾਵੇ, ਤਾਂ ਉਸ ਵਿਅਕਤੀ ਨੂੰ ਅਪਰਾਧੀ ਨਹੀਂ ਮੰਨਿਆ ਜਾਵੇਗਾ। ਪਰ ਉਸ ਵੱਲੋਂ ਕੀਤਾ ਗਿਆ ਇਹ ਬਚਾਅ ਪੱਖੀ ਕੰਮ ਹਮਲਾਵਰ ਨੂੰ ਰੋਕਣ ਤੋਂ ਵੱਧ ਹੋਰ ਕੁਝ ਨਹੀਂ ਹੋਣਾ ਚਾਹੀਦਾ।

ਧਾਰਾ **102 (Section 102):** ਇਹ ਆਪਣੇ ਸਰੀਰ ਨੂੰ ਸੰਭਾਵਿਤ ਖਤਰੇ ਤੋਂ ਬਚਾਉਣ ਦਾ ਅਧਿਕਾਰ ਹੈ, ਜਦੋਂ ਹਾਲਾਤ ਇੰਨੇ ਗੰਭੀਰ ਹੋ ਜਾਣ ਕਿ ਬੰਦੇ ਦੇ ਮਰਨ ਦਾ ਵੀ ਖਤਰਾ ਹੋ ਜਾਵੇ, ਭਾਵੇਂ ਅਜਿਹਾ ਨਾ ਵੀ ਹੋ ਸਕਿਆ ਹੋਵੇ। ਇਸ ਨੂੰ ਵੀ ਅਪਰਾਧ ਨਹੀਂ ਮੰਨਿਆ ਜਾਵੇਗਾ। ਅਜਿਹਾ ਅਧਿਕਾਰ ਉਸ ਵੇਲੇ ਤਕ ਵੀ ਮਿਲਦਾ ਰਹਿੰਦਾ ਹੈ, ਜਿੰਨੀ ਦੇਰ ਤਕ ਖਤਰਾ ਲਗਾਤਾਰ ਬਣਿਆ ਰਹੇ।

ਜਾਇਦਾਦ ਦੀ ਨਿੱਜੀ ਸੁਰੱਖਿਆ ਕਰਨ ਸੰਬੰਧੀ ਅਧਿਕਾਰ **(Rights of Private Defence of Property)**

ਧਾਰਾ ਜਾਂ ਦਫਾ 103 ਅਧੀਨ ਹਰੇਕ ਵਿਅਕਤੀ ਨੂੰ ਆਪਣੀ ਜਾਇਦਾਦ ਦੀ ਰਾਖੀ ਕਰਨ ਦਾ ਹੱਕ ਹੈ ਅਤੇ ਉਹ ਚੋਰੀ, ਹੇਰਾਫੇਰੀ ਜਾਂ ਸ਼ਰਾਰਤ ਅਤੇ ਜਬਰੀ ਘੁਸਪੈਠ ਦੀ ਹਾਲਤ ਵਿੱਚ ਆਪਣੀ ਜਾਇਦਾਦ ਦੀ ਰਾਖੀ ਆਪ ਕਰ ਸਕਦਾ ਹੈ। ਜੇਕਰ ਇਸ ਸੰਬੰਧੀ ਸ਼ੱਕ ਹੋਵੇ ਕਿ ਅਜਿਹੀ ਸਥਿਤੀ ਵਿਚ ਜੇ ਨਿੱਜੀ ਸੁਰੱਖਿਆ ਨਾ ਕੀਤੀ ਗਈ ਤਾਂ ਇਸਦਾ ਨਤੀਜਾ ਮੌਤ ਹੋ ਸਕਦਾ ਹੈ ਤਾਂ ਉਸ ਨੂੰ ਇਹ ਹੱਕ ਹੈ ਕਿ ਉਹ ਤਾਕਤ ਦੀ ਵਰਤੋਂ ਕਰੇ। ਅਜਿਹਾ ਕਰਦੇ ਸਮੇਂ ਜੇ ਹਮਲਾਵਰ ਦੀ ਮੌਤ ਵੀ ਹੋ ਜਾਵੇ ਤਾਂ ਵੀ ਇਸ ਨੂੰ ਜ਼ੁਰਮ ਨਹੀਂ ਮੰਨਿਆ ਜਾਵੇਗਾ।

ਇਸ ਲਈ ਆਪਣੇ ਮਾਲਕ ਦੀ ਜਾਇਦਾਦ ਦੀ ਰਾਖੀ ਕਰਨ ਲਈ ਭਰਤੀ ਕੀਤੇ ਗਏ ਨਿੱਜੀ ਸੁਰੱਖਿਆ ਕਰਮਚਾਰੀ ਨੂੰ ਜਾਇਦਾਦ ਦੀ ਰਾਖੀ ਕਰਨ ਵੱਜੋਂ, ਕਾਨੂੰਨ ਵੱਲੋਂ ਸੁਰੱਖਿਆ ਪ੍ਰਾਪਤ ਹੈ ਪਰ ਉਹ ਆਪਣੇ ਬਚਾਅ ਲਈ ਤਾਕਤ ਦੀ ਵਰਤੋਂ ਨਹੀਂ ਕਰਦਾ, ਜੇ ਉਸ ਨੂੰ ਸਮਾਂ ਮਿਲਿਆ ਹੈ ਕਿ ਉਹ ਪੁਲਿਸ ਕੋਲ ਰਿਪੋਰਟ ਕਰ ਸਕਦਾ ਹੈ। ਨਿੱਜੀ ਸੁਰੱਖਿਆ ਦੇ ਅਧਿਕਾਰ ਦੀ ਵਰਤੋਂ ਕਰਦੇ ਸਮੇਂ ਜਾਂ ਜਾਇਦਾਦ ਦੀ ਰਾਖੀ ਕਰਦੇ ਹੋਏ, ਉਹ ਜ਼ਰੂਰਤ ਤੋਂ ਜ਼ਿਆਦਾ ਤਾਕਤ ਦੀ ਵਰਤੋਂ ਨਾ ਕਰਦੇ ਹੋਏ ਦੁਸ਼ਮਣ ਦਾ ਓਨਾ ਹੀ ਨੁਕਸਾਨ ਕਰੇ ਜਿੰਨਾਂ ਉਸਨੂੰ ਰੋਕਣ ਲਈ ਜਰੂਰੀ ਹੈ।

## ਫੌਜਦਾਰੀ ਕਾਨੂੰਨ ਸੰਬੰਧੀ ਦੰਡ-ਵਿਧਾਨ
## Code of Criminal Procedure, 1973

**(Section 37**) : **Public when to assist magistrates and Police :** ਜੇਕਰ ਕਨੂੰਨ ਤਹਿਤ ਕਿਸੇ ਵਿਅਕਤੀ ਨੂੰ ਪੁਲਿਸ ਦੁਆਰਾ ਗ੍ਰਿਫਤਾਰ ਕਰਨਾ ਪੈ ਜਾਵੇ ਤਾਂ ਹਰੇਕ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਮੈਜਿਸਟ੍ਰੇਟ ਜਾਂ ਪੁਲਿਸ ਦੀ ਮੱਦਦ ਕਰੇ।

ਧਾਰਾ 39 :ਜਨਤਾ ਕੁਝ ਵਿਸ਼ੇਸ਼ ਅਪਰਾਧਾਂ ਦੀ ਸੂਚਨਾ ਦੇਵੇ।

**Section 39 : (Public to give information of certain offences)** ਕੋਈ ਵੀ ਵਿਅਕਤੀ, ਜਿਸ ਨੂੰ ਕਿਸੇ ਜੁਰਮ ਦਾ ਪਤਾ ਹੋਵੇ ਜਾਂ ਉਸ ਨੂੰ ਕਿਸੇ ਵਿਅਕਤੀ ਵਲੋਂ ਜੁਰਮ ਜਾਂ ਕਸੂਰ ਕਰਨ ਦੀ ਸੰਭਾਵਨਾ ਜਾਂ ਸ਼ੱਕ ਹੋਵੇ ਜਾਂ ਅਜਿਹਾ ਕਰਨ ਦੀ ਇੱਛਾ ਜਾਂ ਮਨਸਾ ਦਾ ਪਤਾ ਹੋਵੇ, ਉਹ ਮੈਜਿਸਟ੍ਰੇਟ ਜਾਂ ਪੁਲਿਸ ਨੂੰ ਬਿਨਾਂ ਕੋਈ ਦੇਰੀ ਕੀਤੇ ਸੂਚਨਾ ਦੇਵੇ।।

ਧਾਰਾ ਨੰ : 43 ਜਾਂ ਦਫਾ 43 :**(Arrest by private person and procedure on such arrest)** ਕਿਸੇ ਪ੍ਰਾਈਵੇਟ ਵਿਅਕਤੀ ਵਲੋਂ ਕੀਤੀ ਗਈ ਗ੍ਰਿਫਤਾਰੀ ਅਤੇ ਅਜਿਹੀ ਗ੍ਰਿਫਤਾਰੀ ਸੰਬੰਧੀ ਕਾਨੂੰਨੀ ਵਿਧੀ: ਕੋਈ ਵੀ ਨਾਗਰਿਕ ਕਿਸੇ ਅਪਰਾਧੀ ਨੂੰ ਗ੍ਰਿਫਤਾਰ ਕਰ ਸਕਦਾ ਹੈ ਜਾਂ ਗ੍ਰਿਫਤਾਰ ਕਰਨ ਲਈ ਪੁਲਿਸ ਨੂੰ ਬੁਲਾ ਸਕਦਾ ਹੈ, ਜੇਕਰ ਵਿਅਕਤੀ ਨੇ ਉਸ ਦੀ ਆਪਣੀ ਹਾਜਰੀ ਵਿਚ ਜਾਂ ਉਸ ਦੇ ਸਾਹਮਣੇ ਕੋਈ ਗੰਭੀਰ ਗ਼ੈਰ ਜ਼ਮਾਨਤ ਯੋਗ ਅਪਰਾਧ ਕੀਤਾ ਹੋਵੇ, ਜਾਂ ਉਹ ਵਿਅਕਤੀ ਐਲਾਨਿਆ ਹੋਇਆ ਭਗੌੜਾ ਹੋਵੇ। ਅਜਿਹੇ ਅਪਰਾਧੀ ਨੂੰ ਆਪ ਗ੍ਰਿਫਤਾਰ ਕੀਤਾ ਜਾ ਸਕਦਾ ਹੈ ਜਾਂ ਗ੍ਰਿਫਤਾਰ ਕਰਵਾਇਆ ਜਾ ਸਕਦਾ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀ ਨੂੰ ਸਭ ਤੋਂ ਨੇੜੇ ਦੇ ਪੁਲਿਸ ਸਟੇਸਨ 'ਚ ਲਿਜਾਇਆ ਜਾਵੇਗਾ।

ਧਾਰਾ 46 :ਗ੍ਰਿਫਤਾਰੀ ਕਿਵੇਂ ਕੀਤੀ ਜਾਂਦੀ ਹੈ ?

## Section 46: How is an arrest is made?

- ਗ੍ਰਿਫਤਾਰ ਕਰਨ ਲਈ ਪੁਲਿਸ ਅਫਸਰ ਜਾਂ ਕੋਈ ਹੋਰ ਵਿਅਕਤੀ ਅਪਰਾਧੀ ਨੂੰ ਛੂਹ ਸਕਦਾ ਹੈ ਜਾਂ ਘੇਰਾ ਵੀ ਪਾ ਸਕਦਾ ਹੈ, ਜਿੰਨੀ ਦੇਰ ਤੱਕ ਉਹ ਵਿਅਕਤੀ ਗ੍ਰਿਫਤਾਰ ਹੋਣ ਲਈ ਤਿਆਰ ਨਾ ਹੋਵੇ।

x ਜੇ ਅਜਿਹਾ ਵਿਅਕਤੀ ਆਪਣੇ ਗ੍ਰਿਫਤਾਰ ਹੋਣ ਤੋਂ ਜਬਰਦਸਤੀ ਇਨਕਾਰ ਕਰਦਾ ਹੈ ਜਾਂ ਉਹ ਗ੍ਰਿਫਤਾਰ ਹੋਣ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਫਿਰ ਪੁਲਿਸ ਅਫਸਰ ਜਾਂ ਹੋਰ ਵਿਅਕਤੀ ਸਾਰੇ ਹੀ ਢੰਗ ਤਰੀਕੇ ਵਰਤ ਸਕਦਾ ਹੈ ਤਾਂ ਕਿ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕੇ।

x ਇਸ ਧਾਰਾ ਜਾਂ ਦਫਾ ਵਿਚ ਗ੍ਰਿਫਤਾਰ ਕਰਨ ਵਾਲੇ ਵਿਅਕਤੀ ਨੂੰ ਅਜਿਹਾ ਕੁਝ ਕਰਨ ਦਾ ਬਿਲਕੁਲ ਅਧਿਕਾਰ ਨਹੀਂ ਹੈ, ਜਿਸ ਨਾਲ ਗ੍ਰਿਫਤਾਰ ਹੋਣ ਵਾਲੇ ਵਿਅਕਤੀ ਦੀ ਮੌਤ ਹੋ ਜਾਵੇ।

x ਸੂਰਜ ਛਿਪਣ ਤੋਂ ਬਾਦ ਕਿਸੇ ਵੀ ਔਰਤ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਸੂਰਜ ਨਿਕਲਣ ਤੋਂ ਪਹਿਲਾਂ। ਸਿਰਫ ਔਰਤ ਸੁਰੱਖਿਆ ਅਧਿਕਾਰੀ ਹੀ ਔਰਤਾਂ ਨੂੰ ਗ੍ਰਿਫਤਾਰ ਜਾਂ ਨਜ਼ਰਬੰਦ ਕਰੇਗੀ।

ਦਫਾ 49: ਕੋਈ ਗੈਰਜ਼ਰੂਰੀ ਜਾਂ ਵਾਧੂ ਦਬਾਅ ਨਹੀਂ: **(Section-49)**(**No Unnecessary restraint**) ਗ੍ਰਿਫਤਾਰ ਕੀਤੇ ਗਏ ਵਿਅਕਤੀ ਤੇ ਇੰਨਾ ਦਬਾਅ ਹੀ ਪਾਇਆ ਜਾਵੇ ਜਿੰਨਾਂ ਕਿ ਉਸਨੂੰ ਗ੍ਰਿਫਤਾਰ ਰੱਖਣ ਲਈ ਲੋੜੀਂਦਾ ਹੈ।

ਧਾਰਾ 52 ਖਤਰਨਾਕ ਹਥਿਆਰਾਂ ਨੂੰ ਜਬਤ ਕਰਨ ਜਾਂ ਫੜਨ ਦੀ ਸ਼ਕਤੀ: **(Section 52 Power to seize offensive weapons)** ਇਸ ਧਾਰਾ ਜਾਂ ਦਫਾ ਤਹਿਤ ਜੇ ਕੋਈ ਪੁਲਿਸ ਅਫਸਰ ਜਾਂ ਕੋਈ ਹੋਰ ਵਿਅਕਤੀ ਕਿਸੇ ਵਿਅਕਤੀ ਨੂੰ ਗ੍ਰਿਫਤਾਰ ਕਰਦਾ ਹੈ ਤਾਂ ਉਹ ਗ੍ਰਿਫਤਾਰ ਹੋਏ ਵਿਅਕਤੀ ਤੋਂ ਕਿਸੇ ਵੀ ਤਰ੍ਹਾਂ ਦੇ ਖਤਰਨਾਕ ਹਥਿਆਰਾਂ ਨੂੰ ਫੜ ਜਾਂ ਜ਼ਬਤ ਕਰ ਸਕਦਾ ਹੈ ਅਤੇ ਉਹ ਸਾਰੇ ਹਥਿਆਰ ਪੁਲਿਸ ਜਾਂ ਅਦਾਲਤ ਨੂੰ ਸੌਂਪ ਦੇਵੇਗਾ।

## ਅਭਿਆਸ EXERCISE

1. ਪੁਲਿਸ ਸਟੇਸ਼ਨ ਜਾਂ ਥਾਣੇ ਵਿਚ ਜਾਓ ਅਤੇ ਉਥੋਂ ਦੇ ਥਾਣਾ ਮੁਖੀ ਨੂੰ ਮਿਲੋ ਅਤੇ ਉਸ ਨੂੰ ਬੇਨਤੀ ਕਰੋ ਕਿ ਉਹ ਥਾਣੇ ਦੇ ਕੰਮ-ਕਾਜ ਬਾਰੇ ਤੁਹਾਨੂੰ ਸੰਖੇਪ ਵਿਚ ਦੱਸਣ।
2. ਥਾਣਾ-ਮੁਖੀ ਨਾਲ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ ਬਾਰੇ ਵਿਚਾਰ-ਵਟਾਂਦਰਾ ਕਰੋ।

## ਮੁਲਾਂਕਣ ASSESSMENT



(ੳ) ਛੋਟੇ ਉਤਰ ਵਾਲੇ ਪ੍ਰਸ਼ਨ **Short Answer Questions**

1. ਸੰਗਿਆਨਯੋਗ ਜਾਂ ਗੈਰ ਸੰਗਿਆਨਯੋਗ ਅਪਰਾਧ ਕੀ ਹਨ ?

________________________________________

________________________________________

________________________________________

________________________________________

________________________________________

2. ਜ਼ਮਾਨਤ ਯੋਗ ਅਤੇ ਗ਼ੈਰ ਜ਼ਮਾਨਤ ਯੋਗ ਅਪਰਾਧ ਕੀ ਹਨ ?

3. ਭਾਰਤੀ ਦੰਡ ਸੰਹਿਤਾ ਉਤੇ ਇਕ ਸੰਖੇਪ ਨੋਟ ਲਿਖੋ।

4. ਅਪਰਾਧ ਦੰਡ ਸੰਹਿਤਾ ਉਤੇ ਸੰਖੇਪ ਨੋਟ ਲਿਖੋ।

5. ਪੀ ਐਸ ਏ ਆਰ ਏ 2005 ਉੱਤੇ ਇਕ-ਸੰਖੇਪ ਨੋਟ ਲਿਖੋ।

6. ਭਾਰਤੀ ਦੰਡ ਵਿਧਾਨ ਦੀ ਧਾਰਾ 96 ਉਤੇ ਇਕ ਸੰਖੇਪ ਨੋਟ ਲਿਖੋ।

**B.** ਖਾਲੀ ਸਥਾਨ ਭਰੋ **Fill in the Blanks**

1. ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ 103 ਤੋਂ ਲੈ ਕੇ 105 ਤਕ ਦੀ ਸੁਰੱਖਿਆ ਦੇ ਸੰਬੰਧ ਵਿਚ ਹਨ। ____________.

2. ਹਰੇਕ ਪ੍ਰਾਂਤ ਕੋਲ ਇਕ _______________ ਸਮੱਰਥ ਅਧਿਕਾਰੀ ਜਾਂ ਅਫਸਰ ਹੁੰਦਾ ਹੈ, ਜੋ ਨਿੱਜੀ ਸੁਰੱਖਿਆ ਏਜੰਸੀ ਦੇ ਲਾਇਸੈਂਸ ਅਤੇ ਸਿਖਲਾਈ ਸੰਬੰਧੀ ਕੰਮ ਦੇਖਦਾ ਹੈ।

3. ਪੀ ਐਸ ਏ ਆਰ ਏ 2005, ਨਿੱਜੀ ਸੁਰੱਖਿਆ ਏਜੰਸੀਆਂ ਲਈ ਹੇਠ ਲਿਖੇ ਪੱਖਾਂ ਬਾਰੇ ਸੇਧ ਪ੍ਰਦਾਨ ਕਰਦਾ ਹੈ:

(ੳ) ..............

(ਅ) ..............

(ੲ) ..............

## ਮੁਲਾਂਕਣ ਸੰਬੰਧੀ ਗਤੀਵਿਧੀਆਂ ਲਈ ਸੂਚੀ

ਹੇਠ ਲਿਖੇ ਨੁਕਤਿਆਂ ਦੀ ਵਰਤੋਂ ਕਰੋ ਤਾਂ ਕਿ ਤੁਸੀਂ ਦੇਖ ਸਕੋ ਕਿ ਕੀ ਮੁਲਾਂਕਣ ਸੰਬੰਧੀ ਜਰੂਰਤਾਂ ਪੂਰੀਆਂ ਹੋ ਚੁੱਕੀਆਂ ਹਨ। .

**ਭਾਗ (ੳ) Part A**

ਅੰਤਰ ਸਮਝਾਇਆ ਗਿਆ :

(ੳ) ਗੰਭੀਰ ਅਤੇ ਆਮ ਅਪਰਾਧ ਦੇ ਵਿੱਚ

(ਅ) ਜ਼ਮਾਨਤੀ ਅਤੇ ਗੈਰ ਜ਼ਮਾਨਤੀ ਅਪਰਾਧ

**ਭਾਗ (ਅ) Part B**

ਸ਼੍ਰੇਣੀ ਵਿੱਚ ਹੇਠ ਲਿਖੇ ਤੇ ਵਿਚਾਰ ਵਟਾਂਦਰਾ ਕੀਤਾ ਗਿਆ:

ਹਿੰਸਾ ਜਾਂ ਜ਼ਬਰਦਸਤੀ ਮਾਰ ਕੁਟਾਈ ਵਾਲ਼ੇ ਉਹ ਕਿਹੜੇ ਕਿਹੜੇ ਕੰਮ ਹਨ ਜਿਨ੍ਹਾਂ ਵਿਚ ਕਾਨੂੰਨ, ਆਪਣਾ ਬਚਾਅ ਕਰਨ ਵਾਲੇ ਨੂੰ ਤਾਕਤ ਦੀ ਵਰਤੋਂ ਕਰਨ ਦੀ ਇਜ਼ਾਜਤ ਦਿੰਦਾ ਹੈ ?

ਭਾਗ (ੲ) **Part C**

ਕਾਰਗੁਜ਼ਾਰੀ ਦੇ ਪੱਧਰ

ਕਾਰਗੁਜ਼ਾਰੀ ਦੇ ਪੱਧਰ ਵਿੱਚ ਹੇਠ ਲਿਖਤ ਸ਼ਾਮਿਲ ਹੈ ਪਰ ਇਥੋਂ ਤੱਕ ਸੀਮਿਤ ਨਹੀਂ ਹੈ:

| ਕਾਰਗੁਜ਼ਾਰੀ ਦੇ ਪੱਧਰ **Performance standards** | ਹਾਂ | ਨਹੀਂ |
|---|---|---|
| ਭਾਰਤੀ ਦੰਡ ਸੰਹਿਤਾ ਅਤੇ ਫੌਜਦਾਰੀ ਕਾਨੂੰਨ ਸੰਹਿਤਾ ਨਾਲ਼ ਸੰਬੰਧਿਤ ਧਾਰਾਵਾਂ ਦੇ ਗਿਆਨ | | |

## ਕਾਰਜਕਾਲ 2: ਵਿਸ਼ੇਸ਼ ਕਾਨੂੰਨ SPECIAL ACTS

### ਢੁੱਕਵਾਂ ਗਿਆਨ RELEVANT KNOWLEDGE

ਭਾਰਤੀ ਦੰਡਾਵਲੀ (Indian Penal Code) ਅਤੇ ਫੌਜਦਾਰੀ ਕਾਨੂੰਨ ਤੋਂ ਇਲਾਵਾ, ਬਹੁਤ ਵੱਡੀ ਸੰਖਿਆ ਵਿਚ ਵਿਸ਼ੇਸ਼ ਕਾਨੂੰਨ ਅਤੇ ਆਰਡੀਨੈਂਸ ਹਨ, ਜਿਨ੍ਹਾਂ ਨੂੰ ਦੇਸ਼ ਵਿਚ ਕਈ ਪ੍ਰਕਾਰ ਦੇ ਸੁਰੱਖਿਆ ਮਸਲਿਆਂ ਸੰਬੰਧੀ ਰਾਹਤ ਪ੍ਰਦਾਨ ਕਰਨ ਲਈ ਸੰਸਦ ਨੇ ਪਾਸ ਕੀਤਾ ਹੋਇਆ ਹੈ।

### ਮਨੁੱਖੀ ਅਧਿਕਾਰ ਸੁਰੱਖਿਆ ਕਾਨੂੰਨ, 1993
### The Protection of Human Rights Act, 1993

ਭਾਰਤੀ ਦੰਡਾਵਲੀ (Indian Penal Code) ਅਤੇ ਫੌਜਦਾਰੀ ਕਾਨੂੰਨ ਤੋਂ ਇਲਾਵਾ, ਬਹੁਤ ਵੱਡੀ ਸੰਖਿਆ ਵਿਚ ਵਿਸ਼ੇਸ਼ ਕਾਨੂੰਨ ਅਤੇ ਆਰਡੀਨੈਂਸ ਹਨ, ਜਿਨ੍ਹਾਂ ਨੂੰ ਦੇਸ਼ ਵਿਚ ਕਈ ਪ੍ਰਕਾਰ ਦੇ ਸੁਰੱਖਿਆ ਮਸਲਿਆਂ ਸੰਬੰਧੀ ਰਾਹਤ ਪ੍ਰਦਾਨ ਕਰਨ ਲਈ ਸੰਸਦ ਨੇ ਪਾਸ ਕੀਤਾ ਹੋਇਆ ਹੈ।

ਮਨੁੱਖੀ ਅਧਿਕਾਰ ਸੁਰੱਖਿਆ ਕਾਨੂੰਨ, 1993 (**The Protection of Human Rights Act, 1993**) ਹਰੇਕ ਨਾਗਰਿਕ ਦੇ ਆਪਣੇ ਆਪਣੇ ਮਨੁੱਖੀ ਅਧਿਕਾਰ ਹਨ। ਮਨੁੱਖੀ ਅਧਿਕਾਰਾਂ ਦੀ ਕਦਰ ਸਾਰੇ ਸੰਸਾਰ ਵਿਚ ਕੀਤੀ ਜਾਂਦੀ ਹੈ। ਮਨੁੱਖੀ ਅਧਿਕਾਰ ਉਹ ਅਧਿਕਾਰ ਹਨ ਜੋ ਹਰੇਕ ਮਨੁੱਖ ਨੂੰ ਮਾਣ ਸਤਿਕਾਰ ਪ੍ਰਦਾਨ ਕਰਦੇ ਹਨ। ਇਨ੍ਹਾਂ ਅਧਿਕਾਰਾਂ ਵਿਚ ਸ਼ਾਮਲ ਹਨ : ਜ਼ਿੰਦਗੀ ਜਿਉਣ ਦਾ ਅਧਿਕਾਰ, ਮੁੱਢਲੀ ਆਜ਼ਾਦੀ, ਨਿੱਜੀ ਤਰੱਕੀ, ਰੋਜ਼ਗਾਰ, ਧਰਮ ਨੂੰ ਮੰਨਣ ਦਾ ਅਧਿਕਾਰ ਜਾਂ ਆਪਣੇ-ਆਪਣੇ ਅਕੀਦੇ ਜਾਂ ਵਿਸ਼ਵਾਸ ਕਰਨ ਵਰਗੇ ਬਹੁਤ ਸਾਰੇ ਅਧਿਕਾਰ ਹਨ। ਲੋਕਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਲਈ ਭਾਰਤ ਸਰਕਾਰ ਨੇ ਮਨੁੱਖੀ ਅਧਿਕਾਰ ਕਮਿਸ਼ਨ ਬਣਾਇਆ ਹੈ। ਕੌਮੀ ਪੱਧਰ ਤੇ, ਘੱਟ ਗਿਣਤੀ ਕਮਿਸ਼ਨ ਦੇ ਪ੍ਰਧਾਨ, ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੇ ਕਮਿਸ਼ਨ ਦੇ ਪ੍ਰਧਾਨ ਅਤੇ ਔਰਤਾਂ ਦੇ ਕੌਮੀ ਕਮਿਸ਼ਨ ਦੇ ਪ੍ਰਧਾਨ, ਇਸ ਕਮਿਸ਼ਨ ਦੇ ਮੈਂਬਰ ਹੁੰਦੇ ਹਨ। ਸੂਬੇ ਦੇ ਪੱਧਰ ਤੇ ਵੀ ਮਨੁੱਖੀ ਅਧਿਕਾਰ ਕਮਿਸ਼ਨ ਹੁੰਦੇ ਹਨ।

ਕੌਮੀ ਪੱਧਰ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਸ਼ਿਕਾਇਤਾਂ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਪਰਖ਼ਦਾ ਹੈ ਅਤੇ ਉਲੰਘਨਾ ਵਾਲੀਆਂ ਵਾਰਦਾਤਾਂ ਦੀ ਤਫਤੀਸ਼ ਕਰਕੇ ਦਿਸ਼ਾ-ਨਿਰਦੇਸ਼ ਦਿੰਦਾ ਹੈ। ਇਹ ਹਥਿਆਰਬੰਦ ਫ਼ੌਜਾਂ ਦੇ ਮੈਂਬਰਾਂ ਦੇ ਵਿਰੁੱਧ ਹੋਣ ਵਾਲੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਵਾਲੀਆਂ ਸ਼ਿਕਾਇਤਾਂ ਦੀ ਵੀ ਤਫਤੀਸ਼ ਕਰਦਾ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਲਈ ਅਦਾਲਤਾਂ ਵੀ ਸਥਾਪਤ ਕਰਨ ਦੀ ਤਜਵੀਜ਼ ਹੈ।

ਪ੍ਰਕ੍ਰਿਆ ਅਨੁਸਾਰ, ਸਭ ਤੋਂ ਪਹਿਲਾਂ ਸ਼ਿਕਾਇਤਾਂ ਦੀ ਤਫਤੀਸ਼ ਸੰਬੰਧਿਤ ਸਰਕਾਰੀ ਵਿਭਾਗ ਵਲੋਂ ਕੀਤੀ ਜਾਂਦੀ ਹੈ ਅਤੇ ਜੇਕਰ ਇਹ ਤਫਤੀਸ਼ ਸੰਤੋਸ਼ਜਨਕ ਨਹੀਂ ਹੁੰਦੀ ਤਾਂ ਫਿਰ ਮਨੁੱਖੀ ਅਧਿਕਾਰ ਕਮਿਸ਼ਨ ਆਪਣੇ ਪੱਧਰ ਤੇ ਪੁੱਛਗਿੱਛ ਜਾਂ ਤਫਤੀਸ਼ ਕਰ ਸਕਦਾ ਹੈ।

ਗ਼ੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਸੋਧ ਐਕਟ 2011 **(Unlawful Activity (Prevention) Amendment Act, 2011)** ਗ਼ੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਸੋਧ ਐਕਟ 2011 ਦਾ ਉਦੇਸ਼ ਅਪਰਾਧਿਕ ਅਤੇ ਆਤੰਕਵਾਦੀ ਗਤੀਵਿਧੀਆਂ ਨਾਲ ਨਜਿੱਠਣਾ ਹੈ, ਜੋ ਦੇਸ਼ ਦੀ ਅਖੰਡਤਾ ਅਤੇ ਪ੍ਰਭੂਸੱਤਾ ਲਈ ਖ਼ਤਰਾ ਹਨ। ਇਹ ਕਾਨੂੰਨ ਵਿਅਕਤੀਆਂ ਅਤੇ ਜਥੇਬੰਦੀਆਂ ਆਤੰਕਵਾਦੀ ਗਤੀਵਿਧੀਆਂ ਨਾਲ ਸੰਬੰਧਤ ਦੀਆਂ ਗ਼ੈਰਕਾਨੂੰਨੀ ਹਰਕਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਦਾ ਅਤੇ ਨਜਿੱਠਦਾ ਹੈ। ਇਹ ਕਾਨੂੰਨ ਆਤੰਕਵਾਦੀ ਗਤੀਵਿਧੀਆਂ ਦੀ ਪਰਿਭਾਸ਼ਾ ਦਿੰਦਾ ਹੈ ਅਤੇ ਇਸ ਵਿੱਚ ਸ਼ਾਮਲ ਕਰਦਾ ਹੈ:

- ਉਹ ਹਰਕਤਾਂ, ਜੋ ਭਾਰਤ ਦੀ ਆਰਥਿਕ ਸੁਰੱਖਿਆ ਲਈ ਖ਼ਤਰਾ ਹਨ। ਇਹ ਹਰਕਤਾਂ ਉਤਪਾਦਨ, ਤਸਕਰੀ ਜਾਂ ਨਕਲੀ ਕਰੰਸੀ ਦੇ ਫੈਲਾਓ ਦੇ ਰੂਪ ਵਿਚ ਹੁੰਦੀਆਂ ਹਨ।
- ਹਥਿਆਰਾਂ, ਧਮਾਕਾਖੇਜ਼ ਅਤੇ ਜੈਵਿਕ, ਰੇਡੀਓ ਤਰੰਗਾਂ ਅਤੇ ਐਟਮੀ ਸਮੱਗਰੀ ਨਾਲ ਸੰਬੰਧਿਤ ਗਤੀਵਿਧੀਆਂ।
- ਜ਼ਬਰਦਸਤੀ ਬੰਧਕ ਬਣਾਉਣਾ, ਅਗਵਾ ਕਰਨਾ, ਜਾਨੋਂ ਮਾਰਨ ਜਾਂ ਲੋਕਾਂ ਨੂੰ ਸਰੀਰਿਕ ਚੋਟ ਪਹੁੰਚਾਉਣਾ ਜਾਂ ਜ਼ਖਮੀ ਕਰਨਾ ਅਤੇ ਆਪਣੀਆਂ ਮੰਗਾਂ ਮੰਨਵਾਉਣ ਲਈ ਸਰਕਾਰ ਨੂੰ ਮਜ਼ਬੂਰ ਕਰਨਾ ਆਦਿ ਅਜਿਹੀਆਂ ਹਰਕਤਾਂ ਵੀ ਆਤੰਕਵਾਦੀ ਗਤੀਵਿਧੀਆਂ ਨਾਲ ਸੰਬੰਧਿਤ ਹਨ।
- ਆਤੰਕਵਾਦੀ ਗਤੀਵਿਧੀਆਂ ਚਾਲੂ ਰਖਣ ਲਈ ਫੰਡ ਕਾਇਮ ਕਰਨਾ ਜਾਂ ਆਤੰਕਵਾਦੀ ਗਤੀਵਿਧੀਆਂ ਲਈ ਵਿੱਤੀ ਸਹਾਇਤਾ ਦੇਣ ਸੰਬੰਧੀ ਨਾਪਾਕ ਹਰਕਤਾਂ ਆਦਿ ਗ਼ੈਰਕਾਨੂੰਨੀ ਗਤੀਵਿਧੀਆਂ ਹਨ।

## ਅਭਿਆਸ **EXERCISE**

### ਸਮੂਹ-ਬਹਿਸ **Group Discussion**

ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਅਤੇ ਆਤੰਕਵਾਦੀ ਗਤੀਵਿਧੀਆਂ ਸੰਬੰਧੀ ਖ਼ਬਰਾਂ ਜਾਂ ਵਾਰਦਾਤਾਂ ਨੂੰ ਅਖ਼ਬਾਰ ਵਿਚੋਂ ਪੜੋ।ਆਪਣੇ ਸਾਥੀਆਂ ਅਤੇ ਅਧਿਆਪਕਾਂ ਨਾਲ ਅਜਿਹੇ ਮੁੱਦੇ ਜਾਂ ਗਤੀਵਿਧੀਆਂ ਬਾਰੇ ਵਿਚਾਰ ਚਰਚਾ ਕਰੋ ਅਤੇ ਕੱਢੇ ਗਏ ਸਿੱਟਿਆਂ ਜਾਂ ਨਤੀਜਿਆਂ ਬਾਰੇ ਇਕ ਸੰਖੇਪ ਨੋਟ ਲਿਖੋ।

## ਮੁਲਾਂਕਣ ASSESSMENT

### ਛੋਟੇ ਜਵਾਬ ਵਾਲੇ ਪ੍ਰਸ਼ਨ Short Answer Questions

1. "ਮਨੁੱਖੀ ਅਧਿਕਾਰ ਸੁਰੱਖਿਆ ਐਕਟ, 1993 ਤੇ ਇਕ ਸੰਖੇਪ ਨੋਟ ਲਿਖੋ।

2. "ਗ਼ੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਸੋਧ ਐਕਟ, 2011 ਉਤੇ ਇਕ ਸੰਖੇਪ ਨੋਟ ਲਿਖੋ।

## ਛੋਟੇ ਜਵਾਬ ਵਾਲੇ ਪ੍ਰਸ਼ਨ
## CHECKLIST FOR ASSESSMENTACTIVITY

ਹੇਠ ਲਿਖੇ ਨੁਕਤਿਆਂ ਦੀ ਵਰਤੋਂ ਕਰੋ ਤਾਂ ਕਿ ਤੁਸ਼ੀਂ ਦੇਖ ਸਕੋ ਕਿ ਕੀ ਮੁਲਾਂਕਣ ਲਈ ਸਾਰੀਆਂ ਜ਼ਰੂਰਤਾਂ ਪੂਰੀਆਂ ਹੋ ਚੁੱਕੀਆਂ ਹਨ।

**ਭਾਗ ੳ Part A**

ਕਾਨੂੰਨੀ ਅਤੇ ਗ਼ੈਰਕਾਨੂੰਨੀ ਗਤੀਵਿਧੀਆਂ ਵਿਚ ਅੰਤਰ ਸਮਝਾਇਆ ਗਿਆ।

**ਭਾਗ ਅ Part B**

ਜਮਾਤ ਵਿਚ ਹੇਠ ਲਿਖੇ ਤੇ ਵਿਚਾਰ ਕੀਤਾ ਗਿਆ :

(ੳ) ਮਨੁੱਖੀ ਅਧਿਕਾਰਾਂ ਦੀ ਰਾਖੀ ਸੰਬੰਧੀ ਐਕਟ, 1993
(ਅ) ਗ਼ੈ ਰਕਾਨੂੰਨੀ ਗਤੀਵਿਧੀਆਂ (ਰੋਕੂ) ਸੋਧ ਐਕਟ 2011

**ਭਾਗ ੲ Part C**

ਕਾਰਗੁਜ਼ਾਰੀ ਦੇ ਪੱਧਰ ਵਿੱਚ ਹੇਠ ਲਿਖਿਤ ਸ਼ਾਮਿਲ ਹੈ ਪਰ ਇਥੋਂ ਤੱਕ ਸੀਮਿਤ ਨਹੀਂ ਹੈ :

| ਕਾਰਗੁਜ਼ਾਰੀ ਦੇ ਪੱਧਰ **Performance standards** | ਹਾਂ | ਨਹੀਂ |
|---|---|---|
| ਸਥਿਤੀ ਅਨੁਸਾਰ ਸੁਰੱਖਿਆ ਅਧਿਕਾਰੀ ਵਜੋਂ ਰਾਜਨੀਤਿਕ ਗਤੀਵਿਧੀ ਸੰਭਾਲਣ ਲਈ ਮਨੁੱਖੀ ਅਧਿਕਾਰਾਂ ਬਾਰੇ ਗਿਆਨ ਦਾ ਪ੍ਰਦਰਸ਼ਨ ਕਰੋ। | | |

## ਢੁੱਕਵਾਂ ਗਿਆਨ
## RELEVANT KNOWLEDGE

ਨਿੱਜੀ ਸੁਰੱਖਿਆ ਖੇਤਰ ਨਾ ਸਿਰਫ਼ ਜਾਨ ਅਤੇ ਮਾਲ ਦੀ ਰਾਖੀ ਕਰਦਾ ਹੈ, ਸਗੋਂ ਇਹ ਦੇਸ਼ ਵਿਚ ਬਹੁਤ ਵੱਡੀ ਮਾਤਰਾ ਵਿਚ ਆਦਮੀਆਂ ਅਤੇ ਔਰਤਾਂ ਨੂੰ ਰੁਜ਼ਗਾਰ ਵੀ ਦਿੰਦਾ ਹੈ। ਨਿੱਜੀ ਸੁਰੱਖਿਆ ਏਜੰਸੀਆਂ ਨੂੰ ਉਹਨਾਂ ਦੇ ਕਾਰਜ ਖੇਤਰ ਵਿਚ ਨਿਯੰਤਰਿਤ ਕਰਨ ਲਈ ਭਾਰਤ ਸਰਕਾਰ ਨੇ ਨਿੱਜੀ ਸੁਰੱਖਿਆ ਏਜੰਸੀਆਂ (ਨਿਯਮ) ਐਕਟ 2005 ਵਿਚ ਬਣਾਇਆ। ਪੀ ਐਸ ਏ ਆਰ ਏ 2005 ਕਾਨੂੰਨ ਨੂੰ ਲਾਗੂ ਕਰਨ ਲਈ ਵਿਸਤ੍ਰਿਤ ਨਿਯਮਾਂ ਦੀ ਸੰਰਚਨਾ ਕਰਦਾ ਹੈ ਪਰ ਲੋੜ ਹੈ ਕਿ ਸੂਬੇ ਦੀਆਂ ਸਰਕਾਰਾਂ ਇਹਨਾਂ ਨਿਯਮਾਂ ਦਾ ਐਲਾਨ ਕਰਨ ਅਤੇ ਕਾਨੂੰਨ ਲਾਗੂ ਕਰਨ।

**ਐਕਟ ਦੇ ਮਹੱਤਵਪੂਰਨ ਨੁਕਤੇ (Contents of the Act)** ਇਹ ਐਕਟ, ਉਨ੍ਹਾਂ ਜ਼ਰੂਰੀ ਨਿਯਮਾਂ ਦੀ ਗੱਲ ਕਰਦਾ ਹੈ, ਜਿਨ੍ਹਾਂ ਦੀ ਨਿੱਜੀ ਸੁਰੱਖਿਆ ਉਦਯੋਗ ਨੂੰ ਪਾਲਣਾ ਕਰਨ ਦੀ ਜ਼ਰੂਰਤ ਹੈ ਅਤੇ ਇਨ੍ਹਾਂ ਵਿੱਚ ਕੁਝ ਹੇਠ ਲਿਖੇ ਹਨ

- ਨਿੱਜੀ ਸੁਰੱਖਿਆ ਏਜੰਸੀਆਂ ਲਈ ਲਾਇਸੈਂਸ ਪ੍ਰਾਪਤ ਕਰਨ ਅਤੇ ਉਨ੍ਹਾਂ ਦਾ ਨਵੀਨੀਕਰਣ ਕਰਨ ਸੰਬੰਧੀ ਪ੍ਰਕਿਰਿਆ।
- ਸਿਖਲਾਈ, ਸਿਖਲਾਈ ਦੇ ਪੱਧਰ ਅਤੇ ਸਰੀਰਿਕ ਪੱਧਰ।
- ਨਿੱਜੀ ਸੁਰੱਖਿਆ ਏਜੰਸੀਆਂ ਵੱਲੋਂ ਜ਼ਰੂਰੀ ਦਸਤਾਵੇਜ਼ ਤਿਆਰ ਕਰਨਾ।
- ਨਿੱਜੀ ਸੁਰੱਖਿਆ ਏਜੰਸੀਆਂ ਦੇ ਪ੍ਰਬੰਧ ਅਤੇ ਸੁਰੱਖਿਆ ਕਰਮਚਾਰੀਆਂ ਦੀ ਨਿੱਜੀ ਤੌਰ ਤੇ ਤਸਦੀਕ।
- ਸੁਪਰਵਾਈਜ਼ਰਾਂ ਜਾਂ ਨਿਰੀਖਕਾਂ ਦੀ ਲੋੜ।

**ਸੁਰੱਖਿਆ ਕਰਮਚਾਰੀਆਂ ਦੀ ਸਿਖਲਾਈ (Training for Security Personnel):** ਇਹ ਐਕਟ ਸਿਖਲਾਈ ਦੇ ਘੰਟੇ ਤੈਅ ਕਰਦਾ ਹੈ। ਐਕਟ ਇਹ ਵੀ ਤੈਅ ਕਰਦਾ ਹੈ ਕਿ ਸਾਬਕਾ ਪੁਲਿਸ ਦੇ ਸੈਨਿਕ ਅਤੇ ਸਾਬਕਾ ਕਰਮਚਾਰੀਆਂ ਨੂੰ ਨਿੱਜੀ ਸੁਰੱਖਿਆ ਕਰਮਚਾਰੀਆਂ ਜਾਂ ਗਾਰਡਾਂ ਵਜੋਂ ਰੁਜ਼ਗਾਰ ਦੇਣ ਲਈ ਕਿੰਨੇ ਸਮੇਂ ਦੀ ਸਿਖਲਾਈ ਦੇਣ ਦੀ ਜ਼ਰੂਰਤ ਹੈ। ਨਵੇਂ ਸਿਖਲਾਈ ਲੈ ਰਹੇ ਵਿਅਕਤੀਆਂ ਨੂੰ 160 ਘੰਟੇ ਸਿਖਲਾਈ ਪ੍ਰਾਪਤ ਕਰਨ ਦੀ ਜ਼ਰੂਰਤ ਹੈ, ਇਸ ਨੂੰ ਅਗੇ 100 ਘੰਟੇ ਸ਼੍ਰੇਣੀ ਵਿਚ ਪੜ੍ਹਨ ਲਿਖਣ ਦੇ ਅਤੇ 60 ਘੰਟੇ ਫੀਲਡ ਟ੍ਰੇਨਿੰਗ ਵਾਸਤੇ ਵੰਡਿਆ ਗਿਆ ਹੈ। ਸਿਖਲਾਈ 20 ਦਿਨਾਂ ਤੱਕ ਦਿੱਤੀ ਜਾਵੇਗੀ। ਇਕ ਸਾਬਕਾ ਸੈਨਿਕ ਅਤੇ ਸਾਬਕਾ ਪੁਲਿਸ ਕਰਮਚਾਰੀ ਲਈ 56 ਘੰਟੇ ਦੀ ਸਿਖਲਾਈ ਹੋਵੇਗੀ, ਜਿਸ ਨੂੰ ਅੱਗੇ 40 ਘੰਟੇ ਸ਼੍ਰੇਣੀ ਵਿਚ ਪੜ੍ਹਨ ਲਿਖਣ ਦੇ ਅਤੇ 16 ਘੰਟੇ ਫੀਲਡ ਟਰੇਨਿੰਗ ਵਿਚ ਵੰਡਿਆ ਗਿਆ ਹੈ।

ਕਾਮਯਾਬੀ ਨਾਲ ਸਿਖਲਾਈ ਪ੍ਰਾਪਤ ਕਰਨ ਤੇ ਸਿਖਲਾਈ ਪ੍ਰਾਪਤ ਵਿਅਕਤੀ ਨੂੰ ਪੀ ਐਸ ਏ ਆਰ ਏ ਦੇ ਫਾਰਮ-IV ਦੇ ਤਹਿਤ ਸੰਬੰਧਿਤ ਸੰਸਥਾ ਜਾਂ ਜਥੇਬੰਦੀ ਵਲੋਂ ਸਰਟੀਫ਼ਿਕੇਟ ਪ੍ਰਦਾਨ ਕੀਤਾ ਜਾਵੇਗਾ।

**ਸੁਰੱਖਿਆ ਗਾਰਡ ਅਤੇ ਸੁਪਰਵਾਈਜ਼ਰ ਦੀ ਸਿਖਲਾਈ ਲਈ ਵਿਸ਼ੇ (Topics for training Security Guard and super visor)** ਸੁਰੱਖਿਆ ਗਾਰਡਾਂ ਦੀ ਟਰੇਨਿੰਗ ਲਈ ਹੇਠ ਲਿਖੇ ਵਿਸ਼ੇ ਸ਼ਾਮਲ ਕੀਤੇ ਜਾ ਸਕਦੇ ਹਨ:

- ਜਨਤਾ ਵਿਚ ਦਿੱਖ ਜਾਂ ਵਰਤਾਓ
- ਵਰਦੀ ਨੂੰ ਠੀਕ ਢੰਗ ਨਾਲ ਪਹਿਨਣਾ।
- ਸਰੀਰਿਕ ਤੰਦਰੁਸਤੀ ਦੀ ਸਿਖਲਾਈ
- ਸਰੀਰਿਕ ਸੁਰੱਖਿਆ
- ਖਜ਼ਾਨੇ ਜਾਂ ਕੀਮਤੀ ਸਾਮਾਨ ਦੀ ਰਾਖੀ ਜਾਂ ਸੁਰੱਖਿਆ
- ਇਮਾਰਤ, ਮਕਾਨ ਦੀ ਕੋਈ ਮੰਜਿਲ, ਘਰੇਲੂ ਸੁਰੱਖਿਆ।
- ਨਿੱਜੀ ਸੁਰੱਖਿਆ
- ਅੱਗ ਬੁਝਾਉਣਾ
- ਭੀੜ ਨੂੰ ਕਾਬੂ ਕਰਨਾ
- ਪਹਿਚਾਣ ਪੱਤਰਾਂ ਦੀ ਜਾਂਚ ਪੜਤਾਲ ਜਿਸ ਵਿਚ ਸ਼ਾਮਲ ਹਨ: ਪਹਿਚਾਣ ਪੱਤਰ, ਪਾਸ ਪੋਰਟ ਅਤੇ ਸਮਾਰਟ ਕਾਰਡ।
- ਅੰਗਰੇਜ਼ੀ ਅੱਖਰਾਂ ਅਤੇ ਰੋਮਨ ਅੰਕਾਂ ਨੂੰ ਪੜ੍ਹਨ ਅਤੇ ਸਮਝਣ ਦੀ ਯੋਗਤਾ, ਜਿਹੜੇ ਕਿ ਆਮ ਤੌਰ ਤੇ ਦਸਤਾਵੇਜ਼ਾਂ ਜਿਵੇਂ ਹਥਿਆਰਾਂ ਦੇ ਲਾਇਸੈਂਸ, ਸਫ਼ਰ ਕਰਨ ਸੰਬੰਧੀ ਦਸਤਾਵੇਜ਼ ਅਤੇ ਸੁਰੱਖਿਆ ਦੇ ਨਿਰੀਖਣ ਸੰਬੰਧੀ ਰਿਕਾਰਡ ਵਿੱਚ ਵਰਤੇ ਜਾਂਦੇ ਹਨ।
- ਧਮਾਕਾਖੇਜ਼ ਸਮੱਗਰੀ ਸੰਬੰਧੀ ਯੰਤਰਾਂ ਨੂੰ ਸਮਝਣ ਦੀ ਯੋਗਤਾ।
- ਮੁੱਢਲੀ ਸਹਾਇਤਾ
- ਸੰਕਟ ਮੌਕੇ ਢੁੱਕਵਾਂ ਹੱਲ ਕਰਨਾ ਅਤੇ ਆਪਦਾਵਾਂ ਨੂੰ ਕੰਟਰੋਲ ਕਰਨ ਸੰਬੰਧੀ ਪ੍ਰਬੰਧਨ ਜਾਂ ਸੰਕਟ ਰੋਕੂ ਪ੍ਰਬੰਧ
- ਸੁਰੱਖਿਆਤਮਕ ਢੰਗ ਨਾਲ ਗੱਡੀ ਚਲਾਉਣਾ (ਬਕਤਰ ਬੰਦ ਗੱਡੀ ਦੇ ਡਰਾਈਵਰ ਲਈ ਜ਼ਰੂਰੀ) (ਰਕਮ ਜਾਂ ਨਕਦ ਰੁਪਇਆਂ ਨੂੰ ਇੱਧਰ ਉੱਧਰ ਲੈ ਕੇ ਜਾਣ ਵਾਲੀ ਗੱਡੀ।
- ਗ਼ੈਰ ਵਰਜਿਤ ਹਥਿਆਰਾਂ ਅਤੇ ਸਿੱਕੇ ਬਾਰੂਦ ਵਾਲੇ ਹਥਿਆਰ ਦੀ ਸਾਂਭ-ਸੰਭਾਲ ਅਤੇ ਉਨ੍ਹਾਂ ਨੂੰ ਚਲਾਉਣਾ।
- ਭਾਰਤੀ ਦੰਡ ਸੰਹਿਤਾ ਦਾ ਗਿਆਨ, ਨਿੱਜੀ ਸੁਰੱਖਿਆ ਲੈਣ ਦਾ ਹੱਕ ਆਦਿ।
- ਥਾਣੇ ਵਿਚ ਐਫ.ਆਈ.ਆਰ ਦਰਜ ਕਰਵਾਉਣ ਦਾ ਢੰਗ।
- ਹਥਿਆਰਾਂ ਸੰਬੰਧੀ ਕਾਨੂੰਨ (ਸਿਰਫ਼ ਕੰਮ ਕਰ ਰਹੀਆਂ ਇਕਾਈਆਂ ਲਈ)।

- x ਧਮਾਕਾਖੇਜ਼ ਸਮੱਗਰੀ ਸੰਬੰਧੀ ਕਾਨੂੰਨ (ਕੰਮ 'ਚ ਲੱਗੀਆਂ ਇਕਾਈਆਂ ਲਈ) ਪੁਲਿਸ ਅਤੇ ਫ਼ੌਜਾਂ ਵਿਚ ਰੈਂਕਾਂ ਦੇ ਬੈਜ।
- x ਜਨਤਾ ਅਤੇ ਪੁਲਿਸ ਵਲੋਂ ਵਰਤੇ ਜਾਣ ਵਾਲੇ ਅਲੱਗ-ਅਲੱਗ ਕਿਸਮਾਂ ਦੇ ਹਥਿਆਰਾਂ ਦੀ ਪਹਿਚਾਣ।
- x ਸੁਰੱਖਿਆ ਯੰਤਰਾਂ ਅਤੇ ਸਾਜ਼ੋ-ਸਾਮਾਨ ਦੀ ਵਰਤੋਂ।
- x ਅਗਵਾਈ ਅਤੇ ਪ੍ਰਬੰਧ ਸਿਰਫ਼ ਸੁਪਰਵਾਈਜ਼ਰਾਂ ਲਈ
- x ਨਜਰਸਾਨੀ, ਅਣਪਹਿਚਾਣੇ ਪਦਾਰਥਾਂ ਦੀ ਸੰਭਾਲ, ਭੰਨਤੋੜ ਸੰਬੰਧੀ ਰੋਕਾਂ ਲਗਾਉਣਾ, ਸਮੱਗਰੀ ਨੂੰ ਸੰਭਾਲਣਾ ਅਤੇ ਉਨ੍ਹਾਂ ਲਈ ਵਿਸ਼ੇਸ਼ ਲੋੜਾਂ ਜਿਨ੍ਹਾਂ ਨੂੰ ਨਿੱਜੀ ਸੁਰੱਖਿਆ ਕਰਨੀ ਪੈਂਦੀ ਹੈ।
- x ਸਮੱਰਥ ਅਧਿਕਾਰੀ, ਸਮੇਂ ਸਮੇਂ ਤੇ ਦਿਤੀਆਂ ਜਾਣ ਵਾਲੀ ਸਿਖਲਾਈ ਸਹੂਲਤਾਂ ਦਾ ਨਿਰੀਖਣ ਕਰਦਾ ਹੈ।ਅਜਿਹਾ ਨਿਰੀਖਣ ਸਾਲ ਵਿਚ ਦੋ ਵਾਰ ਕੀਤਾ ਜਾਂਦਾ ਹੈ।

## ਅਭਿਆਸ (Exercise) :

ਨਿੱਜੀ ਸੁਰੱਖਿਆ ਏਜੰਸੀਆਂ ਅਤੇ ਕਰਮਚਾਰੀਆਂ ਸੰਬੰਧੀ ਹੇਠ ਲਿਖੇ ਪੱਖਾਂ ਦੀ ਜਮਾਤ ਵਿਚ ਚਰਚਾ ਕਰੋ ਅਤੇ ਇਸ ਵਿਚਾਰ ਚਰਚਾ ਦੇ ਸਿੱਟਿਆਂ ਨੂੰ ਬਕਾਇਦਾ ਦਰਜ ਕਰੋ।

(ੳ) ਕੀ ਪਿਛਲੇ ਪੰਜ ਸਾਲਾਂ ਵਿਚ ਨਿੱਜੀ ਸੁਰੱਖਿਆ ਦੇ ਖੇਤਰ ਵਿੱਚ ਔਰਤਾਂ ਦੀ ਭਾਗੀਦਾਰੀ ਵਿਚ ਵਾਧਾ ਹੋਇਆ ਹੈ ?

______________________________________________

______________________________________________

______________________________________________

______________________________________________

______________________________________________

______________________________________________

(ਅ) ਕੀ ਮੌਜੂਦਾ ਨਿਜੀ ਸੁਰੱਖਿਆ ਕਰਮਚਾਰੀ ਨੂੰ ਹੋਰ ਸਿਖਲਾਈ ਦੇਣ ਦੀ ਜ਼ਰੂਰਤ ਹੈ ਤਾਂ ਕਿ ਉਹ ਜਨਤਕ ਤੌਰ ਤੇ ਕਈ ਪ੍ਰਕਾਰ ਦੀਆਂ ਸਥਿਤੀਆਂ ਨਾਲ ਨਜਿੱਠ ਸਕਣ।

______________________________________________

______________________________________________

______________________________________________

______________________________________________

______________________________________________

______________________________________________

## ਮੁਲਾਂਕਣ ASSESSMENT

**(ੳ) ਛੋਟੇ ਜਵਾਬ ਵਾਲੇ ਪ੍ਰਸ਼ਨ**
**(Short Answer Type Questions)**

1. ਸਮਾਜ ਵਿਚ, ਨਿੱਜੀ ਸੁਰੱਖਿਆ ਉਦਯੋਗ ਦੀ ਕੀ ਭੂਮਿਕਾ ਹੈ ?

______________________________________________
______________________________________________
______________________________________________
______________________________________________
______________________________________________
______________________________________________
______________________________________________

2. ਸੁਰੱਖਿਆ ਗਾਰਡਾਂ ਨੂੰ ਸਿਖਲਾਈ ਦੇਣ ਸੰਬੰਧੀ ਕੋਈ ਪੰਜ ਵਿਸ਼ੇ ਲਿਖੋ

(ੳ) ____________________________
(ਅ) ____________________________
(ੲ) ____________________________
(ਸ) ____________________________
(ਹ) ____________________________

**(ਅ) ਖਾਲੀ ਸਥਾਨ ਭਰੋ:**

1. ਪੀ ਐਸ ਏ ਆਰ ਏ ਦਾ ਅਰਥ ..................... ਏਜੰਸੀ (ਨਿਯਮ) ਐਕਟ ਹੈ।
2. ਸਮਰੱਥ ਅਧਿਕਾਰੀ ਸੁਰੱਖਿਆ ਸੰਬੰਧੀ ਸਿਖਲਾਈ ਸੁਵਿਧਾ ਦਾ ਨਿਰੀਖਣ ਸਾਲ ਵਿਚ ਘੱਟੋ-ਘੱਟ .............ਵਾਰ ਕਰੇਗਾ।
3. ਸਿਖਲਾਈ ਪ੍ਰਾਪਤ ਕਰਨ ਵਾਲੇ ਨਵੇਂ ਸੁਰੱਖਿਆ ਕਰਮਚਾਰੀ ਲਈ ਕੁਲ ਸਿਖਲਾਈ ਦਾ ਸਮਾਂ.....................ਘੰਟੇ ਹੋਵੇਗਾ, ਘੱਟੋ ਘੱਟ....................ਕੰਮ ਵਾਲੇ ਦਿਨਾਂ ਤਕ ਸੀਮਿਤ ਹੋਵੇਗਾ।

## ਮੁਲਾਂਕਣ ਲਈ ਗਤੀਵਿਧੀਆਂ ਦੀ ਸੂਚੀ
## CHECKLIST FOR ASSESSMENT ACTIVITY

ਹੇਠ ਲਿਖੇ ਨੁਕਤਿਆਂ ਦੀ ਵਰਤੋਂ ਕਰੋ ਤਾਂ ਕਿ ਤੁਸੀਂ ਦੇਖ ਸਕੋ ਕਿ ਕੀ ਮੁਲਾਂਕਣ ਸੰਬੰਧੀ ਜ਼ਰੂਰਤਾਂ ਪੂਰੀਆਂ ਹੋ ਚੁੱਕੀਆਂ ਹਨ।

**ਭਾਗ ੳ (Part A) ਅੰਤਰ ਦਰਸਾਇਆ ਗਿਆ:**

(ੳ) ਸਰੀਰਿਕ ਸੁਰੱਖਿਆ ਅਤੇ ਨਿੱਜੀ ਸੁਰੱਖਿਆ
(ਅ) ਹਥਿਆਰਾਂ ਸੰਬੰਧੀ ਕਾਨੂੰਨ ਅਤੇ ਧਮਾਕਾਖੇਜ਼ ਸਮੱਗਰੀ ਸੰਬੰਧੀ ਕਾਨੂੰਨ
(ੲ) ਸਿੱਖਿਆ ਅਤੇ ਸਿਖਲਾਈ
(ਸ) ਅਧਿਕਾਰੀ ਅਤੇ ਸਮਰੱਥ ਅਧਿਕਾਰੀ

**ਭਾਗ ਅ (Part B)**

**ਜਮਾਤ ਵਿਚ ਹੇਠ ਲਿਖੇ ਤੇ ਚਰਚਾ ਕੀਤੀ ਗਈ :**

(ੳ) ਨਿੱਜੀ ਸੁਰੱਖਿਆ ਵਿਚ ਕਾਨੂੰਨਾਂ ਜਾਂ ਨਿਯਮਾਂ ਦਾ ਕੀ ਮਹੱਤਵ ਹੈ ?

(ਅ) ਕੀ ਪੀ ਐਸ ਏ ਆਰ ਏ ਐਕਟ 2005, ਨਿੱਜੀ ਸੁਰੱਖਿਆ ਉਦਯੋਗ ਵਿਚ ਵਧੀਆ ਰੋਜ਼ਗਾਰ ਦੇਣ ਅਤੇ ਗੁਣਵੱਤਾ ਨੂੰ ਸੁਧਾਰਨ ਵਿਚ ਮੱਦਦਗਾਰ ਸਾਬਤ ਹੋਇਆ ਹੈ ?

**ਭਾਗ ੲ (Part C)**

**ਕਾਰਗੁਜ਼ਾਰੀ ਦੇ ਪੱਧਰ (Performance Standards) :**

ਕਾਰਗੁਜ਼ਾਰੀ ਦੇ ਪੱਧਰ ਵਿਚ ਹੇਠ ਲਿਖਿਤ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਕਾਰਗੁਜ਼ਾਰੀ ਦਾ ਪੱਧਰ ਇੱਥੋਂ ਤੱਕ ਸੀਮਿਤ ਨਹੀਂ।

ਪੀ ਐਸ ਏ ਆਰ ਏ-2005, ਦੇ ਅਨੁਸਾਰ ਸੁਰੱਖਿਆ ਕਰਮਚਾਰੀਆਂ ਦੀ

| ਕਾਰਗੁਜ਼ਾਰੀ ਦੇ ਪੱਧਰ (Performance Standards) | ਹਾਂ | ਨਹੀਂ |
|---|---|---|
| ਪੀ ਐਸ ਏ ਆਰ ਏ-2005, ਦੇ ਅਨੁਸਾਰ ਸੁਰੱਖਿਆ ਕਰਮਚਾਰੀਆਂ ਦੀ ਨਹੀਂ (No) ਸਿਖਲਾਈ ਸੰਬੰਧੀ ਗਿਆਨ ਦਾ ਪ੍ਰਦਰਸ਼ਨ ਕਰੋ। | | |

## ਕਾਰਜਕਾਲ 4 : ਪੀ ਐਸ ਏ ਆਰ ਏ-2005 ਅਨੁਸਾਰ
## SESSION 4:VERIFICATION AS PER PSARA - 2005

### ਢੁੱਕਵਾਂ ਗਿਆਨ RELEVANT KNOWL

ਪੀ ਐਸ ਏ ਆਰ ਏ 2005 ਹੇਠ ਲਿਖੀ ਦੋ ਪ੍ਰਕਾਰ ਦੀ ਤਫਤੀਸ਼ ਕਰਦੀ ਹੈ, ਜਿਸ ਦੇ ਤਹਿਤ ਵਰਤਾਉ ਅਤੇ ਚਾਲ-ਚਲਣ/ਚਰਿੱਤਰ ਬਾਰੇ ਪਤਾ ਕੀਤਾ ਜਾਂਦਾ ਹੈ।

- ਸੂਬੇ ਵਿੱਚ ਨਿੱਜੀ ਸੁਰੱਖਿਆ ਏਜੰਸੀ ਚਲਾਉਣ ਲਈ ਵਿਅਕਤੀ/ਵਿਅਕਤੀਆਂ ਵਲੋਂ ਲਾਇਸੈਂਸ ਪ੍ਰਾਪਤ ਕਰਨ ਲਈ।
- ਨਿੱਜੀ ਸੁਰੱਖਿਆ ਏਜੰਸੀ ਵਿਚ ਸੁਰੱਖਿਆ ਗਾਰਡ ਅਤੇ ਸੁਪਰਵਾਇਜ਼ਰ ਦੀ ਨੌਕਰੀ ਪ੍ਰਾਪਤ ਕਰਨ ਤੋਂ ਪਹਿਲਾਂ।

ਵਿਅਕਤੀ/ਵਿਅਕਤੀਆਂ ਵਲੋਂ ਸੁਰੱਖਿਆ ਅਧਿਕਾਰੀ ਨੂੰ ਬੇਨਤੀ ਪੱਤਰ ਲਿਖਦੇ ਹੋਏ ਕਿ ਉਸ ਨੂੰ ਨਵਾਂ ਲਾਇਸੰਸ ਦਿੱਤਾ ਜਾਵੇ ਜਾਂ ਇਸ ਨੂੰ ਦੁਬਾਰਾ ਬਣਾ ਦਿਤਾ ਜਾਵੇ, ਪੀ ਐਸ ਏ ਆਰ ਏ 2005 ਦੇ ਫਾਰਮ ਨੰ: 1 ਤੇ ਅਪਲਾਈ ਕਰਨਗੇ ਤਾਂ ਕਿ ਉਨ੍ਹਾਂ ਦੇ ਵਰਤਾਉ ਅਤੇ ਚਾਲ-ਚਲਣ ਚਰਿੱਤਰ ਦੀ ਤਸਦੀਕ ਹੋ ਸਕੇ। ਸੁਰੱਖਿਆ ਅਧਿਕਾਰੀ, ਵਿਅਕਤੀ ਵਲੋਂ ਬੇਨਤੀ ਪੱਤਰ ਵਿਚ ਦਰਜ਼ ਕੀਤੇ ਗਏ ਵੇਰਵਿਆਂ ਅਨੁਸਾਰ ਤਫਤੀਸ਼ ਕਰੇਗਾ ਅਤੇ ਉਸ ਇਲਾਕੇ ਦੀ ਪੁਲਿਸ ਦੇ ਡਿਪਟੀ ਸੁਪਰਡੈਂਟ ਡੀ ਐਸ ਪੀ ਤੋਂ 'ਕੋਈ ਇਤਰਾਜ਼ ਨਹੀਂ' ਵਾਲਾ ਸਰਟੀਫਿਕੇਟ ਪ੍ਰਾਪਤ ਕਰੇਗਾ, ਜਿਸ ਇਲਾਕੇ ਵਿਚ ਨਿੱਜੀ ਸੁਰੱਖਿਆ ਸੰਬੰਧੀ ਏਜੰਸੀ ਕੰਮ ਸ਼ੁਰੂ ਕਰਨਾ ਚਾਹੁੰਦੀ ਹੈ। ਪੁਲਿਸ ਵੱਲੋਂ ਹੇਠ ਲਿਖੀ ਸੂਚਨਾ ਦੀ ਤਸਦੀਕ ਜਾਂ ਤਫਤੀਸ਼ ਕੀਤੀ ਜਾਂਦੀ ਹੈ:-

(ੳ) ਕੀ ਬੇਨਤੀਕਾਰ/ਬੇਨਤੀਕਾਰਾਂ ਜਾਂ ਕੰਪਨੀ ਵੱਲੋਂ ਕਦੇ ਕੋਈ ਨਿੱਜੀ ਸੁਰੱਖਿਆ ਏਜੰਸੀ ਚਲਾਈ ਗਈ ਹੈ।

(ਅ) ਕੀ ਬੇਨਤੀਕਾਰ/ਬੇਨਤੀਕਾਰਾਂ ਕੋਲ ਸੁਰੱਖਿਆ ਏਜੰਸੀ ਚਲਾਉਣ ਦੀ ਮੁਹਾਰਤ ਹਾਸਲ ਹੈ ?

ਕਿਸੇ ਵਿਅਕਤੀ ਨੂੰ ਸੁਰੱਖਿਆ ਗਾਰਡ ਜਾਂ ਸੁਪਰਵਾਇਜ਼ਰ ਵੱਜੋਂ ਨੌਕਰੀ ਦੇਣ ਤੋਂ ਪਹਿਲਾਂ, ਸੁਰੱਖਿਆ ਏਜੰਸੀ ਉਸ ਦੇ ਚਾਲ ਚਲਣ ਅਤੇ ਵਰਤਾਉ ਦੀ ਤਸਦੀਕ ਕਰਨ ਲਈ ਹੇਠ ਲਿਖੀ ਕਾਰਜ ਪ੍ਰਣਾਲੀ ਅਪਣਾਏਗੀ:-

(ੲ) ਸੁਰੱਖਿਆ ਏਜੰਸੀ ਆਪਣੇ ਤੌਰ ਤੇ ਉਪੱਲਬਧ ਸਾਧਨਾਂ ਰਾਹੀਂ ਉਸ ਦੇ ਚਾਲ ਚਲਣ ਅਤੇ ਵਰਤਾਉ ਦੀ ਤਸਦੀਕ ਕਰੇਗੀ।

(ਸ) ਏਜੰਸੀ ਵਿਅਕਤੀ ਨੂੰ ਆਪਣੇ ਚਾਲ-ਚਲਣ ਸੰਬੰਧੀ ਜ਼ਰੂਰੀ ਯੋਗ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਕਹੇਗੀ ਤਾਂ ਕਿ ਉਸ ਦੇ ਚਾਲ ਚਲਣ ਅਤੇ ਵਰਤਾਉ ਸੰਬੰਧੀ ਤਸਦੀਕ ਹੋ ਸਕੇ।

- x ਏਜੰਸੀ, ਪੀ ਐਸ ਏ ਆਰ ਏ-2005 ਦੇ ਫਾਰਮ-II 'ਤੇ ਪੁਲਿਸ ਸੁਪਰਡੰਟ (S.P.) ਨੂੰ ਬੇਨਤੀ ਕਰੇਗੀ ਕਿ ਵਿਅਕਤੀ ਦੇ ਸਥਾਈ ਪਤੇ ਦੀ ਤਫ਼ਤੀਸ਼ ਕੀਤੀ ਜਾਵੇ ਅਤੇ ਨਾਲ ਹੀ ਲੋੜੀਂਦੀ ਫ਼ੀਸ ਵੀ ਭੇਜੇਗੀ।
- x ਪੁਲਿਸ ਅਧਿਕਾਰੀਆਂ ਵਲੋਂ ਪ੍ਰਾਪਤ ਰਿਪੋਰਟ ਨੂੰ ਤਸਦੀਕ ਵਜੋਂ ਮੰਨ ਲਿਆ ਜਾਵੇਗਾ।

## ਅਭਿਆਸ EXERCISE

ਵਿਅਕਤੀ ਦੇ ਚਾਲ ਚਲਣ ਵਰਤਾਉ ਸੰਬੰਧੀ ਏਜੰਸੀ ਦਾ ਬੇਨਤੀ ਪੱਤਰ ਮਿਲਣ ਤੋਂ ਬਾਅਦ, 90 ਦਿਨਾਂ ਦੇ ਅੰਦਰ ਤਸਦੀਕ-ਰਿਪੋਰਟ ਜਾਰੀ ਕਰ ਦਿੱਤੀ ਜਾਂਦੀ ਹੈ, ਜੋ ਤਿੰਨ ਸਾਲਾਂ ਤੱਕ ਮੰਨਣਯੋਗ ਜਾਂ ਮਾਨਤਾ ਪ੍ਰਾਪਤ ਹੈ।

1. ਪੀ ਐਸ ਏ ਆਰ ਏ 2005 ਅਨੁਸਾਰ ਵਿਅਕਤੀ ਦੇ ਚਾਲ ਚਲਣ ਸੰਬੰਧੀ ਤਸਦੀਕ ਕਰਨ ਲਈ ਸ਼ਰਤਾਂ ਜਾਂ ਮੱਦਾਂ ਬਾਰੇ ਸੰਖੇਪ ਨੋਟ ਹੇਠ ਲਿਖੇ ਦੇ ਸੰਬੰਧ ਵਿਚ ਲਿਖੋ।

(ੳ) ਨਿੱਜੀ ਸੁਰੱਖਿਆ ਏਜੰਸੀ ਚਲਾਉਣ ਦੀ ਇੱਛਾ ਰੱਖਣ ਵਾਲੇ ਵਿਅਕਤੀ ਸੰਬੰਧੀ।

______________________________________________

______________________________________________

______________________________________________

______________________________________________

(ਅ) ਨਿੱਜੀ ਸੁਰੱਖਿਆ ਏਜੰਸੀ ਵਿੱਚ ਸੁਰੱਖਿਆ ਕਰਮਚਾਰੀ ਵੱਜੋਂ ਨੌਕਰੀ ਕਰਨ ਦਾ ਚਾਹਵਾਨ।

______________________________________________

______________________________________________

______________________________________________

______________________________________________

2 ਸੁਰੱਖਿਆ ਗਾਰਡ ਜਾਂ ਸੁਪਰਵਾਈਜ਼ਰ ਦੀ ਨੌਕਰੀ ਕਰਨ ਤੋਂ ਪਹਿਲਾਂ ਚਾਲ ਚਲਣ ਅਤੇ ਵਰਤਾਉ ਨੂੰ ਤਸਦੀਕ ਕਰਨ ਦੀ ਕੀ ਵਿਧੀ ਹੈ ?

______________________________________________

______________________________________________

______________________________________________

______________________________________________

______________________________________________

## ਮੁਲਾਂਕਣ ASSESSMENT

**(ੳ) ਖਾਲੀ ਸਥਾਨ ਭਰੋ:**

(ੳ) ਪੀ ਐਸ ਏ ਆਰ ਏ-2005 ਦੇ ਅਨੁਸਾਰ ਨਿੱਜੀ ਸੁਰੱਖਿਆ ਏਜੰਸੀ ਚਲਾਉਣ ਲਈ ਲਾਇਸੈਂਸ ਦੀ ਆਗਿਆ ਲੈਣ ਲਈ ਇੱਕ ਬੇਨਤੀ ਪੱਤਰ ਅਪਲਾਈ ਕਰਨਾ ਪੈਂਦਾ ਹੈ। ਇਹ ਬੇਨਤੀ ਪੱਤਰ ਬੇਨਤੀਕਾਰ ਦੀ ................. ਅਤੇ ................. ਦੀ ਤਫਤੀਸ਼ ਤੋਂ ਬਾਅਦ ਪ੍ਰਵਾਨ ਕੀਤਾ ਜਾਂਦਾ ਹੈ।

(ਅ) ਪੀ ਐਸ ਏ ਆਰ ਏ-2005 ਦੇ ਫਾਰਮ-I ਦੀ ਵਰਤੋਂ .............. ਦੇ ਚਾਹਵਾਨ ਵਿਅਕਤੀ ਦੇ ਚਾਲ ਚਲਣ ਦੀ ਤਸਦੀਕ ਲਈ ਕੀਤੀ ਜਾਂਦੀ ਹੈ।

(ੲ) ਪੀ ਐਸ ਏ ਆਰ ਏ-2005 ਦੇ ਫਾਰਮ-II ਦੀ ਵਰਤੋਂ .............. ਦੇ ਚਾਹਵਾਨ ਵਿਅਕਤੀ ਦੇ ਚਾਲ-ਚਲਣ ਦੀ ਤਸਦੀਕ ਲਈ ਕੀਤੀ ਜਾਂਦੀ ਹੈ।

(ਸ) ਸੁਰੱਖਿਆ ਗਾਰਡ ਜਾਂ ਸੁਪਰਵਾਈਜ਼ਰ ਵੱਜੋਂ ਭਰਤੀ ਹੋਣ ਵਾਲੇ ਵਿਅਕਤੀ ਨੂੰ ਉਸ ਦੇ ਸਥਾਈ ਪਤੇ ਤੇ .............. ਵੱਲੋਂ ਚਾਲ ਚਲਣ ਦੀ ਤਸਦੀਕ ਕਰਵਾਉਣ ਦੀ ਜ਼ਰੂਰਤ ਹੈ।

(ਹ) ਚਾਲ-ਚਲਣ ਸੰਬੰਧੀ ਤਸਦੀਕ ਕਰਵਾਉਣ ਵਾਲੇ ਫਾਰਮ ਤੇ ਅਪਲਾਈ ਕਰਨ ਤੋਂ ਬਾਅਦ .............. ਦਿਨਾਂ ਦੇ ਅੰਦਰ ਅੰਦਰ, ਪੁਲਿਸ ਮੁੱਖ ਦਫਤਰ ਵੱਲੋਂ ਚਾਲ ਚਲਣ ਤਸਦੀਕ ਸਰਟੀਫ਼ਿਕੇਟ ਜਾਰੀ ਕਰ ਦਿੱਤਾ ਜਾਂਦਾ ਹੈ।

(ਕ) ਪੁਲਿਸ ਵੱਲੋਂ ਜਾਰੀ ਕੀਤੀ ਗਈ ਚਾਲ ਚਲਣ ਤਸਦੀਕ ਰਿਪੋਰਟ ..............ਸਾਲਾਂ ਲਈ ਮੰਨਣ ਯੋਗ ਹੁੰਦੀ ਹੈ

## ਮੁਲਾਂਕਣ ਲਈ ਗਤੀਵਿਧੀਆਂ ਦੀ ਸੂਚੀ
## (Checklist for Assessment activity)

ਹੇਠ ਲਿਖੇ ਨੁਕਤਿਆਂ ਦੀ ਵਰਤੋਂ ਕਰੋ ਤਾਂ ਕਿ ਤੁਸੀਂ ਵੇਖ ਸਕੋ ਕਿ ਕੀ ਮੁਲਾਂਕਣ ਸੰਬੰਧੀ ਜ਼ਰੂਰਤਾਂ ਪੂਰੀਆਂ ਹੋ ਚੁੱਕੀਆਂ ਹਨ।

**ਭਾਗ ੳ (Part A)**

ਨਕਲੀ ਅਤੇ ਮਾਨਤਾ ਪ੍ਰਾਪਤ ਸਹੀ ਦਸਤਾਵੇਜ਼ਾਂ ਵਿਚ ਅੰਤਰ ਸਮਝਾਇਆ ਗਿਆ।

**ਭਾਗ ਅ (Part B)**

ਜਮਾਤ ਵਿਚ ਹੇਠ ਲਿਖੇ ਤੇ ਚਰਚਾ ਕੀਤੀ ਗਈ।

(ੳ) ਵਿਅਕਤੀ ਦੇ ਚਾਲ ਚਲਣ ਸੰਬੰਧੀ, ਪੁਲਿਸ ਵਲੋਂ ਜਾਰੀ ਕੀਤੇ ਗਏ ਤਸਦੀਕ ਸਰਟੀਫਿਕੇਟ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਸੰਬੰਧੀ।

(ਅ) ਵਿਅਕਤੀ ਦੇ ਚਾਲ ਚਲਣ ਦੀ ਤਸਦੀਕ ਕਰਨ ਵਾਲੇ ਪੁਲਿਸ ਕਰਮਚਾਰੀ ਦੇ ਕਰੱਤਵ ਹੋਣ।

**ਭਾਗ ੲ (Part C)**

| **ਕਾਰਗੁਜ਼ਾਰੀ ਦਾ ਪੱਧਰ (Performance Standards)** | ਹਾਂ | ਨਹੀਂ |
|---|---|---|
| ਕਿਸੇ ਵਿਅਕਤੀ ਦੇ ਚਾਲ ਚਲਣ ਸੰਬੰਧੀ ਤਸਦੀਕ ਕਰਨ ਦੀ ਪ੍ਰਕ੍ਰਿਆ ਬਾਰੇ ਗਿਆਨ ਦਾ ਪ੍ਰਦਰਸ਼ਨ | | |

# SESSION 5: SERVICE CONDITIONS OF PRIVATE SECURITY PERSONNEL
# ਕਾਰਜਕਾਲ 5 : ਨਿੱਜੀ ਸੁਰੱਖਿਆ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ

## ਢੁੱਕਵਾਂ ਗਿਆਨ
## Relevant Knowledge

ਵਪਾਰਕ ਅਤੇ ਉਦਯੋਗਿਕ ਅਦਾਰਿਆਂ ਵਿਚ ਨਿੱਜੀ ਸੁਰੱਖਿਆ ਕਰਮਚਾਰੀ ਜ਼ਿਆਦਾਤਰ ਭਰਤੀ ਕੀਤੇ ਜਾਂਦੇ ਹਨ। ਆਮ ਕਿਰਤ- ਕਾਨੂੰਨਾਂ ਅਨੁਸਾਰ ਹੀ ਉਨ੍ਹਾਂ ਦੀਆਂ ਸੇਵਾ-ਸ਼ਰਤਾਂ ਵੀ ਹੁੰਦੀਆਂ ਹਨ। ਪੀ ਐਸ ਏ ਆਰ ਏ 2005 ਦੇ ਅੰਤ ਵਿੱਚ ਲਗਾਏ ਗਏ ਅਨੁਲਗ ਜਾਂ ਦਸਤਾਵੇਜ਼ਾਂ ਅਨੁਸਾਰ ਕਿਰਤ-ਕਾਨੂੰਨਾਂ ਦੀ ਪਾਲਣਾ ਕਰਨਾ, ਲਾਇਸੈਂਸ ਪ੍ਰਾਪਤ ਕਰਨ ਦੇ ਚਾਹਵਾਨਾਂ ਅਤੇ ਸੰਸਥਾਵਾਂ ਲਈ ਜ਼ਰੂਰੀ ਹਨ।

ਉਜਰਤਾਂ (ਤਨਖਾਹਾਂ) ਦੀ ਅਦਾਇਗੀ ਸੰਬੰਧੀ ਕਾਨੂੰਨ, 1936 (Payment of wages Act, 1936) : ਉਜਰਤਾਂ ਦੀ ਅਦਾਇਗੀ ਸੰਬੰਧੀ ਕਾਨੂੰਨ, 1936, ਕਾਰਖਾਨੇ ਵਿਚ ਕੰਮ ਕਰਨ ਵਾਲੇ ਵਰਗਾਂ ਤੇ ਲਾਗੂ ਹੁੰਦਾ ਹੈ। ਇਸ ਕਾਨੂੰਨ ਦਾ ਦਾਇਰਾ ਉਨ੍ਹਾਂ ਵਿਅਕਤੀਆਂ ਤਕ ਸੀਮਿਤ ਹੈ, ਜੋ ਹਰੇਕ ਮਹੀਨੇ ਕੰਮ ਕਰਨ ਦੇ ਬਦਲੇ ਤਨਖਾਹ ਪ੍ਰਾਪਤ ਕਰਦੇ ਹਨ, ਜੋ 1600 ਰੁਪਏ ਤੋਂ ਵੱਧ ਨਹੀਂ ਹੈ। ਵਿਭਾਗ, ਇਸ ਕਾਨੂੰਨ ਨੂੰ ਉਨ੍ਹਾਂ ਵਿਅਕਤੀਆਂ ਤੇ ਲਾਗੂ ਕਰਦਾ ਹੈ, ਜੋ ਰਜਿਸਟਰਡ ਕਾਰਖਾਨਿਆਂ ਵਿਚ ਕੰਮ ਕਰਦੇ ਹਨ। ਕਾਨੂੰਨ ਵਿਚ ਮੁੱਖ ਮੱਦਾਂ ਦਰਜ ਕੀਤੀਆਂ ਗਈਆਂ ਹਨ:

1. ਇਹ ਕਾਨੂੰਨ ਤਨਖਾਹ ਦੀ ਅਦਾਇਗੀ ਸਮੇਂ ਸਿਰ ਕਰਨ ਦਾ ਪ੍ਰਬੰਧ ਕਰਦਾ ਹੈ, ਜਿਵੇਂ : 1000 ਤੋਂ ਘੱਟ ਕਾਮਿਆਂ ਵਾਲੇ ਕਾਰਖਾਨੇ ਵਿਚ ਅੰਤਿਮ ਦਿਨ ਤੋਂ 7 ਦਿਨਾਂ ਬਾਅਦ ਅਤੇ 1000 ਤੋਂ ਵੱਧ ਕਾਮਿਆਂ ਵਾਲੇ ਕਾਰਖਾਨੇ ਵਿੱਚ ਕੰਮ ਕਰਨ ਵਾਲਿਆਂ ਨੂੰ 10 ਤਾਰੀਖ ਜਾਂ ਦਸਵਾਂ ਦਿਨ ਤਨਖਾਹ ਦੀ ਅਦਾਇਗੀ ਯਕੀਨੀ ਬਣਾਉਣਾ।
2. ਕੰਮ ਦੇ ਸਮੇਂ ਦੇ ਦੌਰਾਨ ਵਰਤਮਾਨ ਕਰੰਸੀ ਵਿੱਚ ਤਨਖਾਹ ਨਕਦ ਦਿੱਤੀ ਜਾਵੇਗੀ।
3. ਸਿਰਫ ਮਨਜ਼ੂਰਸ਼ੁਦਾ ਕਟੌਤੀਆਂ ਹੀ ਤਨਖਾਹ ਵਿੱਚੋਂ ਕੀਤੀਆਂ ਜਾ ਸਕਦੀਆਂ ਹਨ।
4. ਮਜਦੂਰਾਂ ਨੂੰ ਤਨਖਾਹ ਦੀਆਂ ਵੇਰਵੇ ਵਾਲੀਆਂ ਸਲਿੱਪਾਂ ਦਿਤੀਆਂ ਜਾਣਗੀਆਂ ਜਿਨ੍ਹਾਂ ਵਿੱਚ ਉਨ੍ਹਾਂ ਦੀ ਤਨਖਾਹ ਦਾ ਪੂਰਾ ਪੂਰਾ ਵੇਰਵਾ ਦਰਜ਼ ਕੀਤਾ ਗਿਆ ਹੋਵੇਗਾ ਕਿ ਕਿੰਨੇ ਦਿਨ ਕੰਮ ਕੀਤਾ ਅਤੇ ਉਸ ਅਨੁਸਾਰ ਕਿੰਨੀ ਤਨਖਾਹ ਅਦਾ ਕੀਤੀ ਗਈ।
5. ਕਾਨੂੰਨ ਅਨੁਸਾਰ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ।

**ਉਦਯੋਗਿਕ ਵਿਵਾਦ-ਐਕਟ, 1936 (Industrial Disputes A ct, 1936)** ਉਦਯੋਗਿਕ ਝਗੜੇ ਜਾਂ ਵਿਵਾਦ, ਉਹ ਵਿਵਾਦ ਜਾਂ ਸਮੱਸਿਆਵਾਂ ਹਨ, ਜੋ ਉਦਯੋਗਿਕ ਸੰਬੰਧਾਂ ਵਿੱਚ ਕਿਸੇ ਮਤਭੇਦ ਤੋਂ ਪੈਦਾ ਹੁੰਦੇ ਹਨ। ਭਾਰਤ ਵਿਚ, ਉਦਯੋਗਿਕ ਵਿਵਾਦ ਐਕਟ,1947 ਇਕ ਪ੍ਰਮੁੱਖ ਕਾਨੂੰਨ ਹੈ ਜੋ ਉਦਯੋਗਿਕ ਵਿਵਾਦਾਂ ਦੀ ਤਫਤੀਸ਼ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਬਣਾਇਆ ਗਿਆ ਹੈ।

ਇਹ ਕਾਨੂੰਨ, ਉਨ੍ਹਾਂ ਅਚਨਚੇਤ ਖਰਚਿਆਂ ਦਾ ਹਿਸਾਬ ਕਿਤਾਬ ਰੱਖਦਾ ਹੈ ਜਿਵੇਂ ਜਦੋਂ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਹੜਤਾਲ ਕੀਤੀ ਜਾਂਦੀ ਹੈ ਜਾਂ ਕਾਰਖਾਨੇ ਦੀ ਤਾਲਾਬੰਦੀ ਹੋ ਜਾਂਦੀ ਹੈ, ਜਦੋਂ ਉਸ ਹੜਤਾਲ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਜਾਂਦਾ ਹੈ, ਛਾਂਟੀ ਕਰ ਦਿਤੀ ਜਾਂਦੀ ਹੈ, ਤਨਖਾਹ ਚ ਕਟੌਤੀ, ਨੌਕਰੀ ਤੋਂ ਕੱਢ ਦੇਣਾ, ਨੌਕਰੀ ਤੋਂ ਬਰਖਾਸਤ ਕਰਨਾ, ਕਾਰਖਾਨੇ ਨੂੰ ਬੰਦ ਕਰ ਦੇਣ ਵਾਲੇ ਹਾਲਾਤ ਦੇ ਮੱਦੇਨਜ਼ਰ ਕਾਰਖਾਨੇ ਨੂੰ ਬੰਦ ਕਰ ਦੇਣਾ ਅਤੇ ਕਾਰਖਾਨੇ ਦੇ ਮਜ਼ਦੂਰਾਂ ਅਤੇ ਮਾਲਕਾਂ ਨਾਲ ਸੰਬੰਧਿਤ ਸਾਰੇ ਮਸਲੇ ਆਦਿ। ਉਦਯੋਗਿਕ ਵਿਵਾਦ ਐਕਟ, 1947 ਅਨੁਸਾਰ, ਕੇਂਦਰੀ ਸਰਕਾਰ ਹੀ ਢੁੱਕਵੀਂ ਅਤੇ ਜਾਇਜ਼ ਸਰਕਾਰ ਹੈ, ਜੋ ਉਦਯੋਗਿਕ ਵਿਵਾਦਾਂ ਦੀ ਤਫਤੀਸ਼ ਕਰਦੀ ਹੈ ਅਤੇ ਉਨ੍ਹਾਂ ਦਾ ਨਿਪਟਾਰਾ ਕਰਦੀ ਹੈ, ਭਾਵੇਂ ਇਹ ਕੇਂਦਰੀ ਸਰਕਾਰ ਦੇ ਤਹਿਤ ਉਦਯੋਗ ਹੋਣ, ਮੁੱਖ ਬੰਦਰਗਾਹਾਂ, ਖਾਣਾਂ, ਤੇਲ ਭੰਡਾਰ, ਛਾਉਣੀ ਬੋਰਡ, ਬੈਂਕਾਂ ਅਤੇ ਬੀਮਾ ਕੰਪਨੀਆਂ, ਭਾਰਤੀ ਜੀਵਨ ਬੀਮਾ ਨਿਗਮ, ਭਾਰਤੀ ਉਦਯੋਗਿਕ ਵਿੱਤੀ ਕਾਰਪੋਰੇਸ਼ਨ ਲਿਮਟਿਡ, ਤੇਲ ਅਤੇ ਕੁਦਰਤੀ ਗੈਸ ਨਿਗਮ ਲਿਮਟਿਡ, ਇੰਡੀਅਨ ਏਅਰ ਲਾਈਨਜ਼, ਏਅਰ ਇੰਡੀਆ, ਭਾਰਤੀ ਏਅਰਪੋਰਟ ਅਥਾਰਟੀ, ਅਤੇ ਹੋਰ ਸਾਰੀਆਂ ਹਵਾਈ ਆਵਾਜਾਈ ਸੰਬੰਧੀ ਸੇਵਾਵਾਂ ਹੋਣ।

ਉਦਯੋਗਿਕ ਵਿਵਾਦ ਐਕਟ, 1947 ਵਿਚ ਸੰਨ 2010 ਵਿੱਚ ਸੋਧ ਕੀਤੀ ਗਈ। ਇਹ ਸੋਧ 15/09/2010 ਤੋਂ ਲਾਗੂ ਕੀਤੀ ਗਈ।

**ਘੱਟੋ ਘੱਟ ਉਜਰਤਾਂ ਸੰਬੰਧੀ ਕਾਨੂੰਨ, 1948 (Minimum Wages Act, 1948)** ਘੱਟੋ ਘੱਟ ਉਜਰਤਾਂ ਸੰਬੰਧੀ ਕਾਨੂੰਨ, 1948 ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਲਈ ਬਣਾਇਆ ਗਿਆ, ਜ਼ਿਆਦਾਤਰ ਗ਼ੈਰ ਜਥੇਬੰਦੀ ਖੇਤਰ ਵਿੱਚ ਘੱਟੋ ਘੱਟ ਤਨਖਾਹ ਲਾਗੂ ਕਰਨ ਵਿਚ ਹੇਰਾਫੇਰੀ ਰੋਕਣ ਅਤੇ ਵਿਸ਼ੇਸ਼ ਰੋਜ਼ਗਾਰਾਂ ਵਿੱਚ ਠੀਕ ਤਰ੍ਹਾਂ ਘੱਟੋ ਘੱਟ ਉਜਰਤਾਂ ਦੇਣ ਲਈ ਇਹ ਕਾਨੂੰਨ ਲਾਗੂ ਕੀਤਾ ਜਾਂਦਾ ਹੈ। ਇਹ ਕਾਨੂੰਨ ਮਾਲਕਾਂ ਨੂੰ ਪਾਬੰਦ ਕਰਦਾ ਹੈ ਕਿ ਉਹ ਆਪਣੇ ਕਾਮਿਆਂ ਜਾਂ ਕਰਮਚਾਰੀਆਂ ਨੂੰ ਸਮੇਂ ਸਮੇਂ ਤੇ ਮਿਲਣ ਵਾਲੀਆਂ ਘੱਟੋ ਘੱਟ ਉਜਰਤਾਂ ਜ਼ਰੂਰ ਦੇਣ। ਕਾਨੂੰਨ ਅਨੁਸਾਰ, ਕੇਂਦਰੀ ਸਰਕਾਰ ਅਤੇ ਸੂਬਾ ਸਰਕਾਰਾਂ ਦੋਵੇਂ ਹੀ ਢੁੱਕਵੀਆਂ ਸਰਕਾਰਾਂ ਹਨ, ਜੋ ਤਨਖਾਹਾਂ ਫਿਕਸ ਕਰਨ, ਦੁਹਰਾਉਣ, ਪੁਨਰ ਨਿਰੀਖਣ ਕਰਨ ਅਤੇ ਉਸ ਦੇ ਅਨੁਸਾਰ ਆਪਣੇ ਕਰਮਚਾਰੀਆਂ ਨੂੰ ਘੱਟੋ-ਘੱਟ ਉਜਰਤਾਂ ਦੇਣ ਲਈ ਜ਼ਿੰਮੇਵਾਰ ਹਨ। ਇਹ ਕੰਮ ਉਹ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕਰਦੀਆਂ ਹਨ। ਅਜਿਹਾ ਅਨੁਸੂਚਿਤ ਰੋਜ਼ਗਾਰਾਂ ਦੇ ਸੰਬੰਧ ਵਿੱਚ ਕੀਤਾ ਜਾਂਦਾ ਹੈ। ਕੇਂਦਰੀ ਦਾਇਰੇ ਵਿੱਚ 45 ਅਨੁਸੂਚਿਤ ਰੋਜ਼ਗਾਰ ਹਨ ਅਤੇ ਸੂਬਾ ਪੱਧਰ ਤੇ 1530 ਦੇ ਲੱਗਭੱਗ ਰੋਜ਼ਗਾਰ ਹਨ।

**ਪ੍ਰਾਵੀਡੈਂਟ ਫੰਡ ਅਤੇ ਫੁਟਕਲ ਮੱਦਾਂ ਵਾਲਾ ਐਕਟ, 1952 (Provident Fund and Miscellaneous Provision Act, 1952) :** ਇਹ ਕਾਨੂੰਨ ਕਰਮਚਾਰੀਆਂ ਦਾ ਪ੍ਰੋਵੀਡੈਂਟ ਫੰਡ ਅਤੇ ਫੁਟਕਲ ਮੱਦਾਂ ਵਾਲਾ ਐਕਟ, 1952 (ਈ ਪੀ ਐਫ ਅਤੇ ਐਮ ਪੀ ਐਕਟ) ਹੈ। ਇਹ ਕਾਨੂੰਨ ਇਸ ਕਰਕੇ ਬਣਾਇਆ ਗਿਆ ਕਿ ਉਦਯੋਗਿਕ ਮਜ਼ਦੂਰਾਂ ਦੀ ਸੇਵਾਮੁਕਤੀ ਤੋਂ ਬਾਅਦ ਅਤੇ ਉਨ੍ਹਾਂ ਦੀ ਮੌਤ ਤੋਂ

ਬਾਅਦ ਉਨ੍ਹਾਂ ਤੇ ਆਸ਼ਰਿਤ ਲੋਕਾਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਿਆ ਜਾਵੇ। ਇਸ ਕਾਨੂੰਨ ਦਾ ਉਦੇਸ਼ ਪ੍ਰੋਵੀਡੈਂਟ ਫੰਡਾਂ, ਪਰਿਵਾਰਿਕ ਪੈਨਸ਼ਨ ਫੰਡ ਅਤੇ ਜਮ੍ਹਾਂ ਰਕਮ ਨਾਲ ਸੰਬੰਧਿਤ ਬੀਮਾ ਫੰਡ ਕਾਰਖਾਨਿਆਂ ਦੇ ਮਜ਼ਦੂਰਾਂ ਅਤੇ ਹੋਰ ਸੰਸਥਾਵਾਂ ਦੇ ਮਜ਼ਦੂਰਾਂ ਨੂੰ ਮੁਹੱਈਆ ਕਰਵਾਉਣਾ ਹੈ। ਇਹ ਮਜ਼ਦੂਰਾਂ ਅਤੇ ਉਨ੍ਹਾਂ ਤੇ ਆਸ਼ਰਿਤ ਮੈਂਬਰਾਂ ਲਈ ਬੀਮੇ ਦੀ ਸਹੂਲਤ, ਬੁਢਾਪੇ ਦੇ ਖ਼ਤਰਿਆਂ, ਸੇਵਾਮੁਕਤੀ, ਨੌਕਰੀ ਤੋਂ ਕੱਢਣ ਛਾਂਟੀ ਕਰਨ ਜਾਂ ਮੌਤ ਦੀ ਸਥਿੱਤੀ ਵਿਚ ਪ੍ਰਦਾਨ ਕਰਦਾ ਹੈ। ਇਹ ਹਰੇਕ ਅਜਿਹੇ ਅਦਾਰੇ ਵਿੱਚ ਲਾਗੂ ਹੈ, ਜਿਥੇ ਇੱਕ ਜਾਂ ਇੱਕ ਤੋਂ ਵੱਧ ਸੰਬੰਧਿਤ ਕਾਨੂੰਨ ਦੇ ਸ਼ਡਿਊਲ I ਵਿੱਚ ਦਰਜ ਰੋਜ਼ਗਾਰ ਵਾਲੇ ਕਾਰਖਾਨੇ ਹਨ ਜਾਂ ਕੋਈ ਅਜਿਹੀ ਗਤੀਵਿਧੀ ਜੋ ਕੇਂਦਰੀ ਸਰਕਾਰ ਦੇ ਗਜ਼ਟ ਵਿਚ ਪ੍ਰਕਾਸ਼ਿਤ ਕੀਤੀ ਗਈ ਹੋਵੇ ਅਤੇ 20 ਜਾਂ ਇਸ ਤੋਂ ਜ਼ਿਆਦਾ ਮਜ਼ਦੂਰ ਕੰਮ ਕਰਦੇ ਹੋਣ। ਇਹ ਕਾਨੂੰਨ, ਭਾਰਤ ਸਰਕਾਰ ਦੁਆਰਾ ਕਰਮਚਾਰੀ ਪ੍ਰੋਵੀਡੈਂਟ ਫੰਡ ਰਾਹੀਂ ਲਾਗੂ ਕੀਤਾ ਜਾਂਦਾ ਹੈ। ਕਰਮਚਾਰੀ ਪ੍ਰੋਵੀਡੈਂਟ ਫੰਡ ਸੰਸਥਾ, ਈ ਪੀ ਐਫ, ਪ੍ਰੋਵੀਡੈਂਟ ਫੰਡ ਜੋ ਕਿ ਆਪਣੇ ਨਾਲ ਸੰਬੰਧਿਤ ਕਰਮਚਾਰੀਆਂ ਅਤੇ ਵਿੱਤੀ ਲੈਣ ਦੇਣ ਦੇ ਸੰਬੰਧ ਵਿਚ ਗਿਣਤੀ ਅਤੇ ਗੁਣਵੱਤਾ ਪੱਖੋਂ ਸੰਸਾਰ ਦੀਆਂ ਸਭ ਤੋਂ ਵੱਡੀਆਂ ਪ੍ਰੋਵੀਡੈਂਟ ਫੰਡ ਸੰਸਥਾਵਾਂ ਵਿੱਚੋਂ ਇੱਕ ਹੈ। ਇਹ ਤਿੰਨ ਪੱਖੀ ਢਾਂਚੇ ਵਾਲੀ ਇਕ ਖੁਦਮੁਖਤਾਰੀ ਸੰਸਥਾ ਹੈ, ਜੋ ਕਿਰਤ ਵਿਭਾਗ ਦੇ ਮੰਤਰਾਲੇ ਦੇ ਮੁੱਖ ਦਫਤਰ ਨਵੀਂ ਦਿੱਲੀ ਦੇ ਕੰਟਰੋਲ ਥੱਲੇ ਕੰਮ ਕਰਦੀ ਹੈ। ਇਸ ਦਾ ਉਦੇਸ਼ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਕਰਨਾ ਹੈ ਕਿ ਉਹ ਬੁਢਾਪੇ ਸੰਬੰਧੀ ਆਮਦਨ ਦੀ ਸੁਰੱਖਿਆ ਦੇ ਮੱਦੇਨਜ਼ਰ ਚਲਾਏ ਜਾ ਰਹੇ ਜਨਤਕ ਪ੍ਰੋਗਰਾਮਾਂ ਨਾਲ ਵੱਧ ਤੋਂ ਵੱਧ ਜੁੜਨ। ਇਸ ਦਾ ਉਦੇਸ਼ ਲਗਾਤਾਰ ਕੋਸ਼ਿਸ਼ਾਂ ਅਤੇ ਕੰਮ ਕਰਨ ਦੀ ਗੁਣਵੱਤਾ ਚ ਸੁਧਾਰ ਦੇ ਨਾਲ਼ ਨਾਲ਼ ਸੰਬੰਧਿਤ ਮੈਂਬਰਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਨੂੰ ਯਕੀਨੀ ਬਣਾਉਣਾ ਹੈ।

**ਠੇਕੇ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੀਆਂ ਸੇਵਾਵਾਂ ਨਿਯਮਿਤ ਕਰਨ ਅਤੇ ਸੇਵਾਵਾਂ ਖ਼ਤਮ ਕਰਨ ਸੰਬੰਧੀ ਕਾਨੂੰਨ (Contract Labour Regulations and abolition Act, 1970)** : ਠੇਕੇ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਸੰਬੰਧੀ ਕਾਨੂੰਨ (ਨਿਯਮ ਅਤੇ ਹਟਾਉਣ ਸੰਬੰਧੀ) 1970 ਦਾ ਉਦੇਸ਼ ਠੇਕੇ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਨਿਯਮਤ ਕਰਨਾ ਹੈ, ਤਾਂ ਕਿ ਇਹ ਲੋਕ ਦੂਸਰੇ ਨਿਯਮਿਤ ਮਜ਼ਦੂਰਾਂ ਦੇ ਬਰਾਬਰ ਆ ਸਕਣ। ਇਹ ਸਭ ਕੁਝ ਸੇਵਾ ਹਾਲਾਤਾਂ ਅਤੇ ਹੋਰ ਵਿਸ਼ੇਸ਼ ਸਹੂਲਤਾਂ ਨੂੰ ਪ੍ਰਾਪਤ ਕਰਨ ਦੇ ਸੰਬੰਧ ਵਿੱਚ ਵੀ ਹੈ। ਠੇਕੇ ਤੇ ਕੰਮ ਕਰਦੇ ਮਜ਼ਦੂਰ ਉਹ ਮਜ਼ਦੂਰ ਹਨ ਜੋ ਕਿਸੇ ਠੇਕੇਦਾਰ ਵੱਲੋਂ ਕਿਸੇ ਸੰਸਥਾ ਵਿਚ ਕੰਮ ਕਰਨ ਲਈ ਰੱਖੇ ਜਾਂਦੇ ਹਨ।

ਇਹ ਮਜ਼ਦੂਰ ਆਮ ਤੌਰ ਤੇ ਖੇਤੀਬਾੜੀ ਸੰਬੰਧੀ ਕੰਮਾਂ ਬਾਗਬਾਨੀ, ਨਿਰਮਾਣ ਉਦਯੋਗ, ਬੰਦਰਗਾਹਾਂ ਅਤੇ ਸਮੁੰਦਰੀ ਜਹਾਜ ਦੇ ਗੋਦੀ ਮਜ਼ਦੂਰ, ਤੇਲ ਦੇ ਖੂਹ ਜਾਂ ਖੇਤਰ, ਰੇਲਵੇ, ਜਹਾਜਰਾਨੀ, ਹਵਾਈ ਜਹਾਜ ਕੰਪਨੀਆਂ, ਸੜਕ ਆਵਾਜਾਈ, ਆਦਿ ਵਿਚ ਕੰਮ ਕਰਦੇ ਹਨ। ਇਹ ਕਾਨੂੰਨ ਹਰੇਕ ਸੰਸਥਾ/ਠੇਕੇਦਾਰ ਉਤੇ ਲਾਗੂ ਹੁੰਦਾ ਹੈ, ਜਿਥੇ 20 ਜਾਂ 20 ਤੋਂ ਜਿਆਦਾ ਮਜ਼ਦੂਰ ਕੰਮ ਕਰਦੇ ਹਨ ਜਾਂ ਬੀਤੇ ਸਾਲ ਦੇ ਕਿਸੇ ਵੀ ਮਹੀਨੇ ਦੇ ਦਿਨ ਵਿੱਚ ਠੇਕਾ ਮਜ਼ਦੂਰ ਵੱਜੋਂ ਭਰਤੀ ਕੀਤੇ ਗਏ ਹੋਣ। ਹਰੇਕ ਸੰਸਥਾ ਅਤੇ ਠੇਕੇਦਾਰ ਜਿਸ ਉੱਤੇ ਇਹ ਕਾਨੂੰਨ ਲਾਗੂ ਹੁੰਦਾ ਹੈ, ਉਸ ਨੂੰ ਆਪਣੀ ਸੰਸਥਾ ਨੂੰ ਰਜਿਸਟਰ ਕਰਵਾਉਣਾ ਪੈਂਦਾ ਹੈ ਜਾਂ ਠੇਕੇ ਤੇ ਕੰਮ ਕਰਵਾਉਣ ਦਾ ਲਾਇਸੈਂਸ ਬਣਾਉਣਾ ਪੈਂਦਾ ਹੈ।

ਠੇਕੇ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਹਿੱਤ, ਉਜਰਤਾਂ, ਕੰਮ ਦੇ ਘੰਟੇ, ਕਲਿਆਣ, ਸਿਹਤ ਅਤੇ ਸਮਾਜਿਕ ਸੁਰੱਖਿਆ ਦੇ ਸੰਬੰਧ ਵਿਚ ਸੁਰੱਖਿਅਤ ਕੀਤੇ ਗਏ ਹਨ। ਠੇਕੇ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਵਿਚ ਸ਼ਾਮਲ ਹਨਃ ਕੰਟੀਨ, ਆਰਾਮ ਘਰ, ਮੁੱਢਲੀ ਸਹਾਇਤਾ ਸੰਬੰਧੀ ਸਹੂਲਤਾਂ ਅਤੇ ਹੋਰ ਕੰਮ ਦੇ ਸਥਾਨ ਜਾਂ ਕਾਰਖਾਨਿਆਂ ਵਿਚ ਮਿਲਣ ਵਾਲੀਆਂ ਮੁੱਢਲੀਆਂ ਜ਼ਰੂਰਤਾਂ ਜਿਵੇਂ : ਪੀਣ ਵਾਲਾ ਪਾਣੀ ਆਦਿ। ਉਜਰਤਾਂ ਦੀ ਅਦਾਇਗੀ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਅਤੇ ਮਜ਼ਦੂਰਾਂ ਲਈ ਹੋਰ ਸਹੂਲਤਾਂ ਪ੍ਰਦਾਨ ਕਰਵਾਉਣ ਦੀ ਜ਼ਿੰਮੇਵਾਰੀ ਮੁੱਖ ਰੂਪ ਵਿੱਚ ਠੇਕੇਦਾਰ ਦੀ ਹੈ ਅਤੇ ਜੇ ਉਹ ਨਹੀਂ ਦਿੰਦਾ ਤਾਂ ਇਹ ਜ਼ਿੰਮੇਵਾਰੀ ਅਸਲੀ ਮਾਲਕ ਦੀ ਹੈ।

**ਬਰਾਬਰ ਤਨਖਾਹ ਸੰਬੰਧੀ ਕਾਨੂੰਨ, 1976 (Equal Remuneration Act, 1976)** : ਬਰਾਬਰ ਤਨਖਾਹ ਸੰਬੰਧੀ ਕਾਨੂੰਨ ਦਾ ਉਦੇਸ਼ ਆਦਮੀ ਅਤੇ ਔਰਤ ਮਜ਼ਦੂਰਾਂ ਨੂੰ ਇਕੋ ਜਿਹੀ ਅਤੇ ਬਰਾਬਰ ਤਨਖਾਹ ਦੇਣਾ ਹੈ ਅਤੇ ਹੋਣ ਵਾਲ਼ੇ ਭੇਦ-ਭਾਵ ਨੂੰ ਰੋਕਣਾ ਹੈ, ਜੋ ਲਿੰਗ ਦੇ ਆਧਾਰ ਤੇ ਰੁਜ਼ਗਾਰ ਦੇ ਮਾਮਲੇ ਤੇ ਔਰਤਾਂ ਨਾਲ ਕੀਤਾ ਜਾਂਦਾ ਹੈ ਜਾਂ ਔਰਤਾਂ ਦੇ ਮਸਲਿਆਂ ਜਾਂ ਵਾਰਦਾਤ ਦੇ ਸੰਬੰਧ ਦੀ ਆੜ ਵਿੱਚ ਕੀਤਾ ਜਾਂਦਾ ਹੈ। ਕਾਨੂੰਨ ਦੇ ਅਨੁਸਾਰ, "ਤਨਖਾਹ ਤੋਂ ਭਾਵ ਉਹ ਉਜਰਤ ਜੋ ਵੀ ਅਦਾਇਗੀ ਯੋਗ ਹੋਵੇ ਭਾਵੇਂ ਉਹ ਨਕਦ ਜਾਂ ਕਿਸੇ ਵੀ ਰੂਪ ਵਿਚ ਹੋਵੇ, ਰੁਜ਼ਗਾਰ ਵਿਚ ਲੱਗੇ ਹੋਏ ਕੰਮ ਬਦਲੇ ਵਿਅਕਤੀ ਨੂੰ ਮਿਲੇ, ਜੇ ਨੌਕਰੀ ਦੀਆਂ ਸ਼ਰਤਾਂ ਠੇਕੇ ਅਨੁਸਾਰ ਤੈਅ ਹੋਣ, ਦੱਸੀਆਂ ਜਾਂ ਸਪੱਸ਼ਟ ਕੀਤੀਆਂ ਗਈਆਂ ਹੋਣ ਅਤੇ ਪੂਰੀਆਂ ਕੀਤੀਆਂ ਜਾਣ। ਇਸ ਕਾਨੂੰਨ ਵਿੱਚ ਅਜਿਹਾ ਕੁਝ ਲਾਗੂ ਨਹੀਂ ਹੋਵੇਗਾ ।(i) ਉਹ ਸੇਵਾ ਸ਼ਰਤਾਂ ਜੋ ਔਰਤਾਂ ਦੇ ਰੁਜ਼ਗਾਰ ਨੂੰ ਪ੍ਰਭਾਵਿਤ ਕਰਦੀਆਂ ਹੋਣ ਅਤੇ ਇਨ੍ਹਾਂ ਸ਼ਰਤਾਂ ਨੂੰ ਲਾਗੂ ਕਰਨ ਦੇ ਨਾਲ ਔਰਤਾਂ ਨੂੰ ਕੋਈ ਵਿਸ਼ੇਸ਼ ਲਾਭ

ਜਾਂ ਵਿਸ਼ੇਸ਼ ਦਰਜ਼ਾ ਮਿਲਦਾ ਹੋਵੇ (ii) ਕਿਸੇ ਵੀ ਔਰਤ ਨੂੰ ਦਿੱਤਾ ਗਿਆ ਵਿਸ਼ੇਸ਼ ਦਰਜਾ ਜਾਂ ਵਿਸ਼ੇਸ਼ ਸਨਮਾਨ, ਜੋ ਜਨਮ ਨਾਲ ਸੰਬੰਧਿਤ ਹੋਵੇ ਜਾਂ ਜਨਮ ਲੈਣ ਵਾਲੇ ਕਿਸੇ ਬੱਚੇ ਬਾਰੇ ਹੋਵੇ, ਜਾਂ ਸੇਵਾ ਮੁਕਤੀ ਨਾਲ ਸੰਬੰਧਿਤ ਸ਼ਰਤਾਂ ਹੋਣ, ਵਿਆਹ ਜਾਂ ਮੌਤ, ਜਾਂ ਹੋਰ ਕੋਈ ਮੱਦ ਜਾਂ ਸਹੂਲਤ ਜੋ ਸੇਵਾ ਮੁਕਤੀ, ਵਿਆਹ ਜਾਂ ਮੌਤ ਦੇ ਸੰਬੰਧ ਵਿਚ ਦਿੱਤੀ ਗਈ ਹੋਵੇ। ਅਜਿਹੇ ਹੋਰ ਕਾਨੂੰਨ ਹਨ ਜੋ ਕਰਮਚਾਰੀ ਅਤੇ ਉਸ ਦੇ ਕਲਿਆਣ ਨਾਲ ਸੰਬੰਧਿਤ ਹਨ, ਪਰ ਇਨ੍ਹਾਂ ਦਾ ਜ਼ਿਕਰ ਕਾਨੂੰਨ ਵਿਚ ਨਹੀਂ ਕੀਤਾ ਗਿਆ। ਮਹੱਤਵਪੂਰਨ ਕਾਨੂੰਨ ਹੇਠ ਲਿਖੇ ਹਨ:

- ਕਰਮਚਾਰੀ ਰਾਜ ਬੀਮਾ ਐਕਟ, 1948
- ਮਜ਼ਦੂਰਾਂ ਲਈ ਰਾਹਤ ਐਕਟ, 1923
- ਬੱਚੇ ਦੇ ਜਨਮ ਸੰਬੰਧੀ ਜਾਂ ਜਣੇਪਾ ਕਾਨੂੰਨ
- ਉਦਯੋਗਿਕ ਮਹੱਤਵਪੂਰਨ ਹੁਕਮ ਐਕਟ
- ਫੈਕਟਰੀ ਜਾਂ ਉਦਯੋਗ ਐਕਟ-1948

ਜਦੋਂ ਕਿ ਪੀ ਐਸ ਏ ਆਰ ਏ-2005 ਦੇ ਨਾਲ ਨੱਥੀ ਕੀਤੀ ਗਈ ਸੂਚੀ ਉਪਰੋਕਤ ਲਿਖੇ ਅਨੁਸਾਰ ਕੁਝ ਕਿਰਤ ਕਾਨੂੰਨਾਂ ਦਾ ਜ਼ਿਕਰ ਕਰਦੀ ਹੈ, ਪਰ ਇਹ ਕਿਤੇ ਵੀ ਲਿਖਿਆ ਨਹੀਂ ਗਿਆ ਕਿ ਬਾਕੀ ਲਾਗੂ ਨਹੀਂ ਹਨ। ਇਸ ਪ੍ਰਕਾਰ ਵਪਾਰ ਅਤੇ ਉਦਯੋਗ ਨਾਲ ਸੰਬੰਧਿਤ ਕਾਨੂੰਨ ਵੀ ਸੁਰੱਖਿਆ ਉਦਯੋਗ ਨਾਲ ਸੰਬੰਧਿਤ ਕਰਮਚਾਰੀਆਂ ਤੇ ਲਾਗੂ ਹਨ। ਜਿੱਥੋਂ ਤੱਕ ਤਨਖਾਹਾਂ ਦਾ ਸਵਾਲ ਹੈ ਕੁਝ ਰਾਜਾਂ ਨੇ ਤਨਖਾਹ ਬੋਰਡ ਬਣਾਏ ਹਨ ਜਾਂ ਸੁਰੱਖਿਆ ਕਰਮਚਾਰੀਆਂ ਲਈ ਵਿਸ਼ੇਸ਼ ਘੱਟੋ-ਘੱਟ ਉਜਰਤਾਂ ਲਾਗੂ ਕੀਤੀਆਂ ਹਨ। ਨਿੱਜੀ ਸੁਰੱਖਿਆ ਏਜੰਸੀਆਂ ਜੋ ਕਈ ਸਥਾਨਾਂ ਤੇ ਯੋਜਨਾ ਅਨੁਸਾਰ ਸਥਾਪਤ ਕੀਤੀਆਂ ਹੋਈਆਂ ਹਨ, ਉਨ੍ਹਾਂ ਨੂੰ ਹੇਠ ਲਿਖੀਆਂ ਕੁਝ ਡਿਊਟੀਆਂ ਜਾਂ ਫਰਜ਼ ਨਿਭਾਉਣ ਦੀ ਜ਼ਰੂਰਤ ਹੈ: ਪ੍ਰਵੇਸ਼ ਦੁਆਰ ਜਾਂ ਦਾਖਲੇ ਸੰਬੰਧੀ ਸੁਰੱਖਿਆ/ਗੇਟ ਤੇ ਸਥਾਪਤ ਕੀਤੇ ਗਏ ਗੇਟ-ਹਾਊਸ ਸੰਬੰਧੀ ਕਰਤੱਵ।

- ਸੁਆਗਤ ਸੰਬੰਧੀ ਡਿਊਟੀਆਂ ਜਾਂ ਕਰਤੱਵ
- ਅਗਵਾਈ ਜਾਂ ਸੁਰੱਖਿਆ ਪ੍ਰਦਾਨ ਕਰਨ ਦਾ ਕਰਤੱਵ
- ਗਾਰਦ ਜਾਂ ਪਹਿਰੇਦਾਰੀ ਦੀ ਡਿਊਟੀ
- ਗੱਡੀਆਂ ਦੇ ਆਉਣ ਜਾਣ ਨੂੰ ਕੰਟਰੋਲ ਕਰਨ ਦੀ ਡਿਊਟੀ ਜਾਂ ਗੱਡੀਆਂ ਦੀ ਸੁਰੱਖਿਆ ਸੰਬੰਧੀ ਡਿਊਟੀ।
- ਅਦਾਰੇ ਦੀ ਚਾਰ ਦੀਵਾਰੀ ਅਤੇ ਆਲੇ-ਦੁਆਲੇ ਦੀ ਰਾਖੀ ਦੀ ਡਿਊਟੀ।
- ਵਿਸ਼ੇਸ਼ ਸਥਾਨ ਤੇ ਦਿੱਤਾ ਜਾਣ ਵਾਲਾ ਪਹਿਰਾ ਜਾਂ ਸਥਾਨ ਦੀ ਸੁਰੱਖਿਆ।
- ਇਲਾਕੇ ਜਾਂ ਅਦਾਰੇ ਨਾਲ ਸੰਬੰਧਿਤ ਇਲਾਕੇ ਦੀ ਸੁਰੱਖਿਆ ਸੰਬੰਧੀ ਡਿਊਟੀ।
- ਹੰਗਾਮੀ ਹਾਲਾਤ ਨਾਲ ਨਿਪਟਣ ਸੰਬੰਧੀ ਡਿਊਟੀ।
- ਡਾਕਟਰੀ ਜਾਂ ਮੁੱਢਲੀ ਸਹਾਇਤਾ ਪ੍ਰਦਾਨ ਕਰਨ ਦੀ ਡਿਊਟੀ।

ਇਕ ਸੁਰੱਖਿਆ ਅਧਿਕਾਰੀ/ਗਾਰਡ ਨੂੰ ਡਿਊਟੀ ਦੌਰਾਨ ਬਹੁਤ ਸਾਰੇ ਸੁਰੱਖਿਆ ਸੰਬੰਧੀ ਖ਼ਤਰਿਆਂ ਦਾ ਮੁਕਾਬਲਾ ਕਰਨਾ ਪੈਂਦਾ ਹੈ। ਇਨ੍ਹਾਂ ਵਿਚ ਸ਼ਾਮਲ ਹੋਣਗੇ :

- ਗ਼ੈਰਕਾਨੂੰਨੀ ਦਾਖਲਾ ਜਾਂ ਗਲਤ ਲੋਕਾਂ ਦਾ ਆਉਣਾ ਜਾਣਾ
- ਚੋਰੀ/ਲੁੱਟ/ਡਾਕਾ
- ਹਿੰਸਾ/ਹਮਲਾ/ਕਤਲ/ਆਤਮ-ਹੱਤਿਆ
- ਦੁਰਘਟਨਾਵਾਂ/ਵਾਰਦਾਤਾਂ/ਹੰਗਾਮੀ ਹਾਲਾਤ
- ਵਸਤੂ/ਜਾਇਦਾਦ ਦਾ ਗੁੰਮ ਹੋਣਾ ਅਤੇ ਲੱਭ ਜਾਣਾ
- ਉਹ ਬੱਚੇ, ਜਿਨ੍ਹਾਂ ਵੱਲ ਧਿਆਨ ਨਾ ਦਿਤਾ ਜਾ ਸਕਿਆ ਹੋਵੇ।
- ਯਾਤਾਯਾਤ ਤੇ ਕਾਬੂ

**ਕੋਈ ਵਿਧਾਨਿਕ ਜਾਂ ਕਾਨੂੰਨੀ ਸ਼ਕਤੀਆਂ ਨਹੀਂ (No Legal Powers)**

ਇਹ ਵਰਣਨਯੋਗ ਹੈ ਕਿ ਨਿੱਜੀ ਸੁਰੱਖਿਆ ਸੰਬੰਧੀ ਕਰਮਚਾਰੀਆਂ ਨੂੰ ਕੁਝ ਅਜਿਹੀਆਂ ਵਿਸ਼ੇਸ਼ ਡਿਊਟੀਆਂ ਨਿਭਾਉਣ ਦੀ ਜ਼ਰੂਰਤ ਹੈ, ਜੋ ਆਪਣੇ ਆਪ ਨੂੰ ਕਾਨੂੰਨ ਦੀਆਂ ਠੇਕੇਦਾਰ ਏਜੰਸੀਆਂ ਸਮਝ ਕੇ ਆਪਹੁਦਰੇ ਕੰਮ ਕਰ ਰਹੀਆਂ ਹਨ। ਹਾਲਾਤ ਅਨੁਸਾਰ, ਉਨ੍ਹਾਂ ਨੂੰ ਅਜਿਹੀ ਕੋਈ ਕਾਨੂੰਨੀ ਸ਼ਕਤੀ ਪ੍ਰਾਪਤ ਨਹੀਂ ਹੈ ਕਿ ਉਹ ਅਜਿਹੇ ਕਾਰੇ ਕਰਨ। ਇਸ ਕਰਕੇ ਹੀ ਇਹ ਜ਼ਰੂਰੀ ਹੈ ਕਿ ਸੁਰੱਖਿਆ ਕਰਮਚਾਰੀ, ਫ਼ੌਜਦਾਰੀ ਕਾਨੂੰਨਾਂ ਦੀਆਂ ਧਾਰਾਵਾਂ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੀਆਂ ਵਿਧੀਆਂ ਬਾਰੇ ਜਾਣੂ ਹੋਣ ਤਾਂ ਕਿ ਉਹ ਆਪਣੀ ਡਿਊਟੀ ਸੁਚਾਰੂ ਢੰਗ ਨਾਲ ਕਰ ਸਕਣ।

ਸੁਰੱਖਿਆ ਕਰਮਚਾਰੀਆਂ ਨੂੰ ਮਨੁੱਖੀ ਜਾਨ ਅਤੇ ਮਾਲ ਸੰਬੰਧੀ ਅਪਰਾਧਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਕੁਝ ਆਮ ਗੱਲਾਂ ਤੋਂ ਇਲਾਵਾ (ਜਿਨ੍ਹਾਂ ਵਿਚ ਨਿੱਜੀ ਸੁਰੱਖਿਆ ਸੰਬੰਧੀ ਅਧਿਕਾਰ ਸ਼ਾਮਲ ਹਨ)। ਭਾਰਤੀ ਦੰਡ ਵਿਧਾਨ ਜਾਂ ਭਾਰਤੀ ਦੰਡਾਵਲੀ ਵਿਚ ਦਰਜ ਹਨ ਅਤੇ ਗ੍ਰਿਫਤਾਰੀ, ਗ਼ੈਰਕਾਨੂੰਨੀ ਇਕੱਠ ਜਾਂ ਭੀੜ ਸੰਬੰਧੀ ਧਾਰਾਵਾਂ ਅਤੇ ਫ਼ੌਜਦਾਰੀ ਕਾਨੂੰਨ ਤਹਿਤ ਐਫ ਆਈ ਆਰ ਦਰਜ ਕਰਨਾ ਆਦਿ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ।

ਜਿਥੋਂ ਤੱਕ ਸੁਰੱਖਿਆ ਕਰਮਚਾਰੀਆਂ ਵੱਲੋਂ ਹੰਗਾਮੀ ਹਾਲਾਤ ਨਾਲ ਨਿਪਟਣ ਦਾ ਸੰਬੰਧ ਹੈ, ਪੁਲਿਸ, ਫਾਇਰ-ਬ੍ਰਿਗੇਡ ਅਤੇ ਹਸਪਤਾਲ/ਡਾਕਟਰੀ ਸੇਵਾਵਾਂ ਨੂੰ ਇਨ੍ਹਾਂ ਕਰਮਚਾਰੀਆਂ ਦੀ ਮੱਦਦ ਕਰਨ ਦੀ ਜ਼ਰੂਰਤ ਹੈ।

**ਅਭਿਆਸ (EXERCISE)**

ਇਕ ਅਦਾਰੇ ਵਿਚ ਜਾਉ, ਜਿਥੇ ਸੁਰੱਖਿਆ ਕਰਮਚਾਰੀਆਂ ਨੂੰ ਤੈਨਾਤ ਕੀਤਾ ਗਿਆ ਹੈ। ਸੁਪਰਵਾਈਜ਼ਰ ਨੂੰ ਸੁਰੱਖਿਆ ਦੇ ਖੇਤਰ ਵਿੱਚ ਕਾਨੂੰਨੀ ਦਾਇਰੇ ਨਾਲ ਸੰਬੰਧਿਤ ਅਲੱਗ ਅਲੱਗ ਕਈ ਸੁਆਲ ਪੁੱਛੋ। ਪ੍ਰਸ਼ਨ ਉਤਰ ਕਾਲ ਦੇ ਸੰਬੰਧ ਵਿੱਚ ਇਕ ਸੰਖੇਪ ਨੋਟ ਤਿਆਰ ਕਰੋ।

## ਮੁਲਾਂਕਣ ASSESSMENT

### ਛੋਟੇ ਜਵਾਬ ਵਾਲੇ ਪ੍ਰਸ਼ਨ Short Answer Questions

1. ਕੋਈ ਪੰਜ ਕਾਨੂੰਨਾਂ ਦੀ ਸੂਚੀ ਬਣਾਉ, ਜਿਨ੍ਹਾਂ ਦੀ ਪਾਲਣਾ ਕਰਨਾ ਸੰਸਥਾਵਾਂ ਜਾਂ ਅਦਾਰਿਆਂ ਲਈ ਜਰੂਰੀ ਹੋਵੇ, ਜੋ ਅਦਾਰੇ ਪੀ ਐਸ ਏ ਆਰ ਏ-2005 ਤਹਿਤ, ਨਿੱਜੀ ਸੁਰੱਖਿਆ ਏਜੰਸੀ ਸਥਾਪਤ ਕਰਨ ਲਈ ਲਾਇਸੈਂਸ ਪ੍ਰਾਪਤ ਕਰਨਾ ਚਾਹੁੰਦੀਆਂ ਹੋਣ।

2. ਆਪਣੇ ਸਥਾਨ ਤੇ ਤੈਨਾਤ ਸੁਰੱਖਿਆ ਕਰਮਚਾਰੀਆਂ ਨੂੰ ਸੁਰੱਖਿਆ ਸੰਬੰਧੀ ਕਿਹੜੀਆਂ ਕਿਹੜੀਆਂ ਡਿਊਟੀਆਂ ਨਿਭਾਉਣੀਆਂ ਪੈਂਦੀਆਂ ਹਨ।

3. "ਭਾਰਤੀ ਕਾਨੂੰਨ ਦੇ ਤਹਿਤ, ਸੁਰੱਖਿਆ ਕਰਮਚਾਰੀਆਂ ਕੋਲ ਕੋਈ ਵੀ ਸ਼ਕਤੀ ਨਹੀਂ ਹੈ।" ਸੰਖੇਪ ਵਿੱਚ ਆਪਣੇ ਵਿਚਾਰ ਦੱਸੋ।

## ਮੁਲਾਂਕਣ ਲਈ ਗਤੀਵਿਧੀਆਂ ਦੀ ਸੂਚੀ (Checklist for Assessment Activity)

ਹੇਠ ਲਿਖੇ ਨੁਕਤਿਆਂ ਦੀ ਵਰਤੋਂ ਕਰੋ ਤਾਂ ਕਿ ਤੁਸੀਂ ਵੇਖ ਸਕੋ ਕਿ ਮੁਲਾਂਕਣ ਸੰਬੰਧੀ ਸਾਰੀਆਂ ਜਰੂਰਤਾਂ ਪੂਰੀਆਂ ਹੋ ਚੁੱਕੀਆਂ ਹਨ।

**ਭਾਗ ੳ Part A**

ਉਜਰਤਾਂ ਦੀ ਅਦਾਇਗੀ ਸੰਬੰਧੀ ਐਕਟ, 1936 ਅਤੇ ਘੱਟੋ ਘੱਟ ਉਜਰਤਾਂ ਸੰਬੰਧੀ ਐਕਟ 1948 ਵਿੱਚ ਅੰਤਰ ਸਪੱਸ਼ਟ ਕੀਤਾ ਗਿਆ।

**ਭਾਗ ਅ Part B**

ਜਮਾਤ ਵਿੱਚ ਹੇਠ ਲਿਖੇ ਤੇ ਵਿਚਾਰ ਚਰਚਾ ਕੀਤੀ ਗਈ:

(ੳ) ਨਿੱਜੀ ਸੁਰੱਖਿਆ ਕੰਪਨੀਆਂ ਤੇ ਲਾਗੂ ਹੋਣ ਵਾਲੇ ਮਜ਼ਦੂਰ ਸੁਰੱਖਿਆ ਸੰਬੰਧੀ ਕਾਨੂੰਨ।

**ਭਾਗ ੲ Part C**

ਕਾਰਗੁਜ਼ਾਰੀ ਦੇ ਪੱਧਰ (Performance Standards)

ਕਾਰਗੁਜ਼ਾਰੀ ਦੇ ਪੱਧਰਾਂ ਵਿਚ ਹੇਠ ਲਿਖਤ ਸ਼ਾਮਲ ਹੋ ਸਕਦੇ ਹਨ, ਪਰ ਕਾਰਗੁਜ਼ਾਰੀ ਇੱਥੋਂ ਤੱਕ ਸੀਮਿਤ ਨਹੀਂ।

| ਕੰਮ ਦੇ ਪੱਧਰ Performance standards | ਹਾਂ Yes | ਨਹੀਂ No |
|---|---|---|
| ਸੁਰੱਖਿਆ ਕਰਮਚਾਰੀਆਂ ਦੇ ਅਧਿਕਾਰਾਂ ਅਤੇ ਕਰਤਵਾਂ ਬਾਰੇ ਗਿਆਨ ਦਾ ਪ੍ਰਦਰਸ਼ਨ ਕਰੋ ਭਾਵ ਸੁਰੱਖਿਆ ਕਰਮਚਾਰੀਆਂ ਦੇ ਕੀ ਕੀ ਅਧਿਕਾਰ ਅਤੇ ਕਰਤਵ ਹਨ, ਉਨ੍ਹਾਂ ਤੇ ਵਿਸਥਾਰ ਸਹਿਤ ਚਾਨਣਾ ਪਾਉ। | | |

# ਯੂਨਿਟ 4

## ਖੇਤਰ: ਸੁਰੱਖਿਆ

### ਐੱਨ ਐੱਸ ਕਿਉ ਐੱਫ ਪੱਧਰ 4 (ਬਾਰ੍ਹਵੀਂ ਸ਼੍ਰੇਣੀ)

**SS404-NQ2016 –**ਬੁਨਿਆਦੀ ਸੁਰੱਖਿਆ ਕਾਰਵਾਈਆਂ

**ਐੱਸ ਐੱਸ 404 ਐੱਨ ਕਿਉ 2016 ਸੁਰੱਖਿਆ ਸੰਬੰਧੀ ਵਾਰਦਾਤਾਂ ਅਤੇ ਉਨ੍ਹਾਂ ਤੋਂ ਪੈਦਾ ਹੋਏ ਖਤਰਿਆਂ ਨਾਲ ਨਜਿੱਠਣਾ।**

**Student Workbook**
**ਵਿਦਿਆਰਥੀ ਕਾਰਜ-ਪੁਸਤਕ**

# ਵਿਸ਼ਾ-ਸੂਚੀ


| | |
|---|---|
| **ਭੂਮਿਕਾ** | 91 |
| **ਕਾਰਜ ਕਾਲ** 1: ਗਸ਼ਤ ਦੇ ਉਦੇਸ਼ ਅਤੇ ਕਿਸਮਾਂ | 92 |
| **ਕਾਰਜ ਕਾਲ** 2: ਗਸ਼ਤ ਦੀ ਤਿਆਰੀ ਅਤੇ ਗਸ਼ਤ ਕਰਨਾ | 100 |
| ਕਾਰਜਕਾਲ 3 : ਗਸ਼ਤ ਕਰਨ ਵਾਲੀ ਟੀਮ ਦੀ ਜ਼ਿੰਮੇਵਾਰੀ ਅਤੇ ਅਧਿਕਾਰ | 106 |
| ਕਾਰਜਕਾਲ 4 :ਭੀੜ ਦੀਆਂ ਕਿਸਮਾਂ | 110 |
| ਕਾਰਜਕਾਲ 5 : ਭੀੜ ਨੂੰ ਕਾਬੂ ਕਰਨਾ | 116 |
| ਕਾਰਜਕਾਲ 6 : ਆਪ ਮੁਹਾਰੀ ਭੀੜ ਜਾਂ ਇਕੱਠ ਨੂੰ ਸੰਭਾਲਨਾ | 124 |

## ਭੂਮਿਕਾ INTRODUCTION

ਗਸ਼ਤ ਅਤੇ ਭੀੜ ਨੂੰ ਸੰਭਾਲਨ ਵਾਲੀਆਂ ਕਾਰਵਾਈਆਂ, ਚੋਰੀ ਦੀਆਂ ਵਾਰਦਾਤਾਂ ਅਤੇ ਰਾਜਨੀਤਿਕ ਗਤੀਵਿਧੀਆਂ ਦੇ ਵੱਧ ਜਾਣ ਕਰਕੇ, ਦਿਨ ਬਦਿਨ ਮਹੱਤਵਪੂਰਨ ਬਣਦੀਆਂ ਜਾ ਰਹੀਆਂ ਹਨ। ਵਿੱਤੀ ਅਤੇ ਮਨੁੱਖੀ ਸ਼ਕਤੀ ਵਾਲੇ ਸਾਧਨਾਂ ਦੇ ਸੀਮਿਤ ਹੋਣ ਕਰਕੇ, ਇਹ ਬਹੁਤ ਮਹੱਤਵਪੂਰਨ ਹੋ ਗਿਆ ਹੈ ਕਿ ਸੀਮਿਤ ਮਨੁੱਖੀ ਸਾਧਨਾਂ ਜਾਂ ਸ਼ਕਤੀ ਦੀ ਵਰਤੋਂ ਕਰਕੇ ਬਹੁਤ ਵੱਡੇ ਖੇਤਰਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਕਾਰਜਾਂ ਨੂੰ ਪੂਰਾ ਕੀਤਾ ਜਾਵੇ।

ਸਾਡੇ ਲੋਕਤੰਤਰ ਦੀਆਂ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਹੈ ਸ਼ਾਂਤਮਈ ਢੰਗ ਨਾਲ ਵਿਰੋਧ ਕਰਨ ਦੀ ਪਰੰਪਰਾ। ਸਾਡੇ ਸੰਵਿਧਾਨ ਵਿਚ ਦਰਜ ਹੈ ਕਿ ਸਾਰੇ ਨਾਗਰਿਕਾਂ ਨੂੰ ਸ਼ਾਂਤਮਈ ਤਰੀਕੇ ਨਾਲ ਅਤੇ ਹਥਿਆਰ ਰਹਿਤ ਹੋ ਕੇ ਇਕੱਠਾ ਹੋਣ ਦਾ ਅਧਿਕਾਰ ਹੈ। ਇਸ ਅਧਿਕਾਰ ਦੀਆਂ ਕੁਝ ਤਰਕ ਸੰਗਤ ਸੀਮਾਵਾਂ ਜਾਂ ਰੁਕਾਵਟਾਂ (ਬੰਦਸ਼ਾਂ) ਹਨ, ਜੋ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਹਿੱਤ ਵਿੱਚ ਹੈ ਅਤੇ ਜਨਤਕ ਭਲੇ ਲਈ ਹੋਰ ਵੀ ਵੱਧ ਮਹੱਤਵਪੂਰਨ ਹੈ।

ਜਦੋਂ ਕਿ ਰਾਜਨੀਤਿਕ ਇਕੱਠ ਜਾਂ ਰੈਲੀਆਂ ਪੁਲਿਸ ਵਲੋਂ ਲਗਾਤਾਰ ਸੰਭਾਲੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਇਕੱਠ ਜਾਂ ਭੀੜ ਅਤੇ ਜਨਤਕ ਸਥਾਨ ’ਤੇ ਵਿਰੋਧ ਪ੍ਰਦਰਸ਼ਨ, ਜਿਵੇਂ : ਕਾਰਖਾਨਿਆਂ, ਦਫ਼ਤਰ, ਮਾਲ, ਹਸਪਤਾਲਾਂ ਅਤੇ ਵਾਰਦਾਤਾਂ ਨੂੰ ਕੰਟਰੋਲ ਕਰਨਾ ਵੀ ਪੁਲਿਸ ਦਾ ਕੰਮ ਹੈ ।ਭੀੜ ਤੇ ਕਾਬੂ ਪਾਉਣਾ ਜਾਂ ਭੀੜ ਨੂੰ ਕੰਟਰੋਲ ਕਰਨਾ ਬਹੁਤ ਹੀ ਨਾਜ਼ਕ ਅਤੇ ਸੰਵੇਦਨਸ਼ੀਲ ਕਾਰਵਾਈ ਹੈ ਕਿਉਂਕਿ ਥੋੜੀ ਜਿਹੀ ਭੜਕਾਹਟ ਵੀ ਭੀੜ ਨੂੰ ਇਕ ਆਪਮੁਹਾਰੀ ਅਤੇ ਬੇਕਾਬੂ ਭੀੜ ਬਣਾ ਸਕਦੀ ਹੈ ਅਤੇ ਇਹ ਦੰਗੇ ਭੜਕਾਉਣ ਤਕ ਵੀ ਜਾ ਸਕਦੀ ਹੈ। ਇਹ ਮਹੱਤਵਪੂਰਨ ਹੈ ਕਿ ਨਿੱਜੀ ਸੁਰੱਖਿਆ ਕਰਮਚਾਰੀਆਂ ਕੋਲ਼ ਪੁਲਿਸ ਵਰਗੀਆਂ ਸ਼ਕਤੀਆਂ ਨਹੀਂ ਹਨ ਇਸ ਲਈ ਸਮਰੱਥ ਅਧਿਕਾਰੀਆਂ ਦੀਆਂ ਸੇਵਾਵਾਂ ਅਤੇ ਸ਼ਕਤੀਆਂ ਬਾਰੇ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ। ਇਸ ਇਕਾਈ ਵਿੱਚ ਤੁਸੀਂ ਭੀੜ ਨੂੰ ਕਾਬੂ ਕਰਨ ਵਾਲੇ ਕਈ ਪੱਖਾਂ ਬਾਰੇ ਸਮਝੋਂਗੇ ਅਤੇ ਭੀੜ ਨੂੰ ਜਾਂ ਇੱਕਠ ਨੂੰ ਅਸਰਦਾਰ ਢੰਗ ਨਾਲ਼ ਤੁਸੀਂ ਇਹ ਸਮਝ ਜਾਓਗੇ ਕਿ ਆਪ ਮੁਹਾਰੀ ਭੀੜ੍ਹ ਅਤੇ ਗੈਰਕਾਨੂੰਨੀ ਇਕੱਠ ਜਾਂ ਮੀਟਿੰਗਾਂ ਨੂੰ ਨਜਿੱਠਣ ਲਈ ਆਪਣੇ ਅਧਿਕਾਰਾਂ ਦੀ ਵਰਤੋਂ ਹੱਦ ਵਿੱਚ ਰਹਿ ਕੇ ਕਿਵੇਂ ਕਰਨੀ ਹੈ।

## ਕਾਰਜਕਾਲ 1 : ਗਸ਼ਤ ਦੇ ਉਦੇਸ਼ ਅਤੇ ਕਿਸਮਾਂ PURPOSE AND TYPES OF PATROLS

### ਢੁੱਕਵਾਂ ਗਿਆਨ RELEVANT KNOWLEDGE

ਗਸ਼ਤ ਕਰਨ ਦੀਆਂ ਡਿਊਟੀਆਂ ਮੁਸ਼ਕਿਲ ਅਤੇ ਗੁੰਝਲਦਾਰ ਹਨ ਪਰ ਇਹ ਕਿਫਾਇਤੀ (ਘੱਟ ਖਰਚੇ ਵਾਲੇ) ਹਨ ਕਿਉਂਕਿ ਇਸ ਵਿੱਚ ਘੱਟ ਇਨਸਾਨੀ ਸਾਧਨਾਂ ਦੀ ਤੈਨਾਤੀ ਨਾਲ ਵੱਡੇ ਖੇਤਰ ਵਿੱਚ ਨਿਗਰਾਨੀ ਰੱਖੀ ਜਾ ਸਕਦੀ ਹੈ। ਜੁਰਮ ਹੋਣ ਤੋਂ ਪਹਿਲਾਂ ਹੀ ਉਸ ਨੂੰ ਰੋਕਣ, ਅਪਰਾਧੀਆਂ ਨੂੰ ਗ੍ਰਿਫਤਾਰ ਕਰਨਾ ਅਤੇ ਅਮਨ ਕਾਇਮ ਕਰਨ ਲਈ ਗਸ਼ਤ ਕਰਨੀ ਫਾਇਦੇਮੰਦ ਰਹਿੰਦੀ ਹੈ।

### ਗਸ਼ਤ ਕਰਨ ਦੇ ਉਦੇਸ਼ Purpose of Patrols

ਗਸ਼ਤ ਕਰਨ ਦੇ ਉਦੇਸ਼ ਹਨ :

x ਜਦੋਂ ਸੁਰੱਖਿਆ ਕਰਮਚਾਰੀਆਂ ਨੂੰ ਤੈਨਾਤ ਕਰਨ ਦੀ ਮਨਾਹੀ ਹੋਵੇ, ਇਸ ਸਥਿੱਤੀ ਵਿੱਚ ਪ੍ਰਭਾਵਿਤ ਇਲਾਕੇ ਵਿੱਚ ਵਿਸ਼ੇਸ਼ ਨਜ਼ਰਸਾਨੀ ਕਰਨ ਅਤੇ ਸੁਰੱਖਿਆ ਕਰਨ ਲਈ ਗਸ਼ਤ ਕੀਤੀ ਜਾਂਦੀ ਹੈ।

x ਅਦਾਰੇ ਦੇ ਅਹਾਤੇ ਵਿੱਚ ਨਜਰ ਰਖਣ ਲਈ, ਜਿੱਥੇ ਗੈਰ ਸਮਾਜਿਕ ਤੱਤਾਂ ਵਲੋਂ ਕਿਸੇ ਵਾਰਦਾਤ ਕਰਨ ਦਾ ਖਤਰਾ ਹੋਵੇ।

x ਗੈਰ ਸਾਮਾਜਿਕ ਤੱਤਾਂ ਵਿੱਚ ਡਰ ਪੈਦਾ ਨਾ ਕਰਨ ਲਈ।

x ਖਰਾਬ ਮੌਸਮ ਹੋਣ ਦੀ ਹਾਲਤ ਵਿੱਚ ਜਾਂ ਬਹੁਤ ਹੀ ਘੱਟ ਨਜ਼ਰ ਆਉਣ ਦੀ ਸਥਿੱਤੀ ਵਿੱਚ ਚੌਂਕੀਆਂ ਦੇ ਵਿਚਕਾਰ ਸੰਪਰਕ ਬਨਾਉਣਾ ਜ਼ਰੂਰੀ ਹੈ।

x ਗਸ਼ਤ ਵਾਲੀ ਪਾਰਟੀ, ਹੰਗਾਮੀ ਹਾਲਤ ਵੇਲੇ ਢੁੱਕਵੀਂ ਪ੍ਰਤੀਕ੍ਰਿਆ ਜਾਂ ਸਥਿੱਤੀ ਅਨੁਸਾਰ ਐਕਸ਼ਨ ਲੈ ਸਕਦੀ ਹੈ।

### ਗਸ਼ਤ ਦੀਆਂ ਕਿਸਮਾਂ Types of Patrols

ਗਸ਼ਤ , ਗਸ਼ਤ ਕਰਨ ਦੇ ਤਰੀਕਿਆਂ ਜਾਂ ਉਦੇਸ਼ ਕਾਰਨ ਵੱਖਰੇ-ਵੱਖਰੇ ਹੁੰਦੇ ਹਨ। ਗਸ਼ਤ ਪੈਦਲ ਜਾਂ ਗੱਡੀਆਂ ਉਤੇ ਕੀਤੀ ਜਾ ਸਕਦੀ ਹੈ। ਗਸ਼ਤ ਕਰਨ ਦਾ ਉਦੇਸ਼ ਜਾਂ ਟੀਚਾ, ਗੈਰਸਾਮਾਜਿਕ ਤੱਤਾਂ ਵਿੱਚ ਡਰ ਪੈਦਾ ਕਰਨਾ ਅਤੇ ਮਨੁੱਖ ਰਹਿਤ ਜਾਂ ਵੀਰਾਨ ਜਗ੍ਹਾ ਦੀ ਨਜ਼ਰਸਾਨੀ ਕਰਨਾ ਜਾਂ ਇਲਾਕੇ ਦੇ ਕਿਸੇ ਹਿੱਸੇ ਵਿੱਚ ਕੁਝ ਹੰਗਾਮੀ ਹਾਲਾਤ ਹੋ ਜਾਣ ਦੀ ਸਥਿਤੀ ਵਿਚ ਕਾਰਵਾਈ ਕਰਨਾ ਹੁੰਦਾ ਹੈ। ਨਿੱਜੀ ਸੁਰੱਖਿਆ ਕਰਮਚਾਰੀਆਂ ਵਾਲ਼ੀ ਗਸ਼ਤ ਪਾਰਟੀ ਕੋਲ, ਆਮ ਤੌਰ ਤੇ ਕੋਈ ਹਥਿਆਰ ਨਹੀਂ ਹੁੰਦੇ, ਪਰ ਜੇ ਹਾਲਾਤ ਖਰਾਬ ਹੋਣ ਤਾਂ ਹਥਿਆਰਬੰਦ ਕਰਮਚਾਰੀਆਂ ਵਾਲ਼ੀ ਗਸ਼ਤ ਤੈਨਾਤ ਕੀਤੀ ਜਾ ਸਕਦੀ ਹੈ। ਬਿਜਲਈ ਯੰਤਰ- ਗਸ਼ਤ ਸੰਬੰਧੀ ਪਾਰਟੀ ਨੂੰ ਬਦਲਣ ਗਸ਼ਤ ਪਾਰਟੀ ਨੂੰ ਮਦਦ ਕਰਨ ਜਾਂ ਉਨ੍ਹਾਂ ਨੂੰ ਹੰਗਾਮੀ ਹਾਲਤਾਂ ਵਿੱਚ ਅਗਵਾਈ ਦੇਣ ਲਈ ਵਰਤੇ ਜਾਂਦੇ ਹਨ।

ਪੈਦਲ ਕੀਤੀ ਜਾਣ ਵਾਲੀ ਗਸ਼ਤ ਸਭ ਤੋਂ ਆਮ ਹੈ। ਇਹ ਆਮ ਤੌਰ ਤੇ ਉੱਥੇ ਹੁੰਦਾ ਹੈ ਜਦੋਂ ਗਸ਼ਤ ਵਾਲਾ ਇਲਾਕਾ ਛੋਟਾ ਹੋਵੇ, ਮਨਾਹੀ ਵਾਲਾ ਹੋਵੇ, ਜਾਂ ਗੱਡੀ ਅਤੇ ਬਿਜਲਈ ਨਜਰਸਾਨੀ ਲਈ ਸੰਭਵ ਨਾ ਹੋਵੇ। ਵੱਡੀਆਂ ਦੁਕਾਨਾਂ ਜਾਂ ਸ਼ਾਪਿੰਗ ਮਾਲ, ਪਾਰਕਾਂ, ਸ਼ਰਾਬਖਾਨਿਆਂ ਦੇ ਸਾਹਮਣੇ ਭੀੜ ਵਾਲੀਆਂ ਮਾਰਕੀਟਾਂ ਅਤੇ ਗਲੀਆਂ ਵਿਚ ਪੈਦਲ ਗਸ਼ਤ ਕੀਤੀ ਜਾਂਦੀ ਹੈ ਤਾਂ ਕਿ ਚੇਨ ਝਪਟਣ, ਛੇੜ-ਛਾੜ, ਠੱਗੀ ਅਤੇ ਕਾਰਾਂ ਦੀਆਂ ਚੋਰੀਆਂ ਦੇ ਅਪਰਾਧੀਆਂ ਨੂੰ ਮੌਕੇ ਤੇ ਹੀ ਦਬੋਚ ਕੇ ਗ੍ਰਿਫਤਾਰ ਕਰ ਲਿਆ ਜਾਵੇ। ਪੈਦਲ ਗਸ਼ਤ ਕਰਨ ਵਾਲੇ ਸੁਰੱਖਿਆ ਕਰਮਚਾਰੀਆਂ ਨੂੰ ਸਾਵਧਾਨ ਰਹਿਣਾ ਪੈਂਦਾ ਹੈ ਅਤੇ ਉਹ ਸਾਰੀਆਂ ਹੀ ਸਹੂਲਤਾਂ ਦੀ ਵਰਤੋਂ ਕਰਦੇ ਹਨ ਕਿਉਂਕਿ ਗਸ਼ਤ ਹੌਲੀ-ਹੌਲੀ ਕੀਤੀ ਜਾਂਦੀ ਹੈ ਤਾਂ ਕਿ ਵਾਰਦਾਤ ਨੂੰ ਹੋਣ ਤੋਂ ਰੋਕਿਆ ਜਾਵੇ। ਇਸ ਨਾਲ ਉਨ੍ਹਾਂ ਨੂੰ ਆਪਣੀ ਇੱਛਾ ਦੇ ਅਨੁਸਾਰ ਕਾਰਖਾਨੇ ਦੇ ਅਹਾਤੇ, ਸੰਸਥਾ ਅਤੇ ਸੁਰੱਖਿਆ ਗੇਟਾਂ ਵਾਲੇ ਰਿਹਾਇਸ਼ੀ ਇਲਾਕੇ ਵਿੱਚ ਗਸ਼ਤ ਕਰਨ ਦਾ ਮੌਕਾ ਮਿਲਦਾ ਹੈ।

ਪੈਦਲ ਗਸ਼ਤ ਕਰਨ ਦੇ ਹੇਠ ਲਿਖੇ ਲਾਭ ਹਨ :

x ਹੋਰ ਸਾਧਨਾਂ ਨਾਲੋਂ ਜਿਆਦਾ ਸਸਤੀ
x ਇਲਾਕੇ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰਖੱਣ ਵਾਲੀ ਹੁੰਦੀ ਹੈ।
x ਤੰਗ ਗਲੀਆਂਅਤੇ ਪੌੜੀਆਂ ਵਰਗੇ ਮਨਾਹੀ ਵਾਲੇ ਸਥਾਨਾਂ ਦੀ ਸੁਰੱਖਿਆ

x ਪੈਦਲ ਗਸ਼ਤ ਕਰਦੇ ਹੋਏ ਲੋਕਾਂ ਨਾਲ ਸੰਪਰਕ ਬਣਾਇਆ ਜਾਂਦਾ ਹੈ ਅਤੇ ਇਸ ਨਾਲ ਜਿਆਦਾ ਸੰਪਰਕ ਪੈਦਾ ਕਰਨ ਦੇ ਮੌਕੇ ਮਿਲਦੇ ਹਨ।

x ਗਸ਼ਤ ਕਰਨ ਸਮੇਂ ਉਸ ਇਲਾਕੇ ਦੇ ਵਿਅਕਤੀਆਂ ਦੇ ਤਜ਼ਰਬੇ ਨਾਲ਼ ਸੂਚਨਾ ਪ੍ਰਾਪਤ ਕਰਨ ਦੇ ਜਿਆਦਾ ਸਰੋਤ ਲਭੇ ਜਾਂਦੇ ਹਨ। ਭਾਵ ਸਥਾਨਕ ਲੋਕਾਂ ਦੀ ਮਦਦ ਨਾਲ ਅਪਰਾਧੀਆਂ ਬਾਰੇ ਕਾਫੀ ਮਦਦ ਮਿਲ ਸਕਦੀ ਹੈ।

ਪੈਦਲ ਗਸ਼ਤ ਕਰਨ ਦੀਆਂ ਹਾਨੀਆਂ ਹੇਠ ਲਿਖੀਆਂ ਹਨ।

x ਪੈਦਲ ਗਸ਼ਤ ਦੀ ਗਤੀਸ਼ੀਲਤਾ ਘੱਟ ਹੈ ਅਤੇ ਉਨ੍ਹਾਂ ਵਲੋਂ ਗਸ਼ਤ ਕਰਨ ਵਾਲਾ ਇਲਾਕਾ ਜਾਂ ਖੇਤਰ ਬਹੁਤ ਥੋੜ੍ਹਾ ਹੈ।
x ਦਿੱਤੇ ਹੋਏ ਖੇਤਰ ਦੀ ਸਾਰੀ ਗਸ਼ਤ ਕਰਨ ਲਈ ਜਿਆਦਾ ਸਮਾਂ ਲਗਦਾ ਹੈ।
x ਖਰਾਬ ਮੌਸਮ ਜਿਵੇਂ : ਵਰਖਾ ਅਤੇ ਬਰਫਬਾਰੀ ਗਸ਼ਤ ਦੀ ਸ਼ਮਤਾ ਨੂੰ ਪ੍ਰਭਾਵਿਤ ਕਰਦਾ ਹੈ।
x ਪੈਰਵੀ ਕਰਨ ਦੀ ਸਮੱਰਥਾ ਸੀਮਿਤ ਹੈ।
x ਵਾਧੂ ਸਾਮਾਨ ਲੈ ਕੇ ਜਾਣਾ ਬਹੁਤ ਮੁਸ਼ਕਿਲ ਹੈ।
x ਹਥਿਆਰਬੰਦ ਪੈਦਲ ਗਸ਼ਤ ਵਿਚ ਹਥਿਆਰ ਖੋਹ ਕੇ ਲੈ ਜਾਣ ਦੀ ਸੰਭਾਵਨਾ ਕਾਫ਼ੀ ਹੁੰਦੀ ਹੈ।
x ਇਨ੍ਹਾਂ ਗਸ਼ਤਾਂ ਦੀ ਨਜਰਸਾਨੀ ਕਰਨੀ ਔਖੀ ਹੈ, ਖਾਸ ਤੌਰ ਤੇ ਬਹੁਤ ਹੀ ਸੰਘਣੀ ਆਬਾਦੀ ਜਾਂ ਜੰਗਲੀ ਖੇਤਰਾਂ ਵਿੱਚ।

ਗੱਡੀਆਂ ਉਤੇ ਗਸ਼ਤ **Vehicular Patrol**

ਗੱਡੀਆਂ ਦੀ ਵਰਤੋਂ ਕਰਨ ਨਾਲ ਸੁਰੱਖਿਆ ਕਰਮਚਾਰੀ ਨੂੰ ਕਾਫ਼ੀ ਵੱਡੇ ਇਲਾਕੇ ਵਿੱਚ ਗਸ਼ਤ ਕਰਨ ਵਿੱਚ ਮਦਦ ਮਿਲਦੀ ਹੈ। ਡਰਾਈਵਰ ਥੋੜ੍ਹੇ ਸਮੇਂ ਵਿੱਚ ਹੀ ਆਲੇ ਦੁਆਲੇ ਤਕ ਘੁੰਮ ਜਾਂਦਾ ਹੈ ਅਤੇ ਉਹ ਆਪਣਾ ਧਿਆਨ ਸੜਕ ਤੇ ਕੇਂਦਰਿਤ ਰੱਖਦਾ ਹੈ। ਇਸ ਵਿੱਚ ਕਈ ਵਾਰ ਕਿਸੇ ਹੋਰ ਵਿਅਕਤੀ ਦੀ ਵੀ ਲੋੜ ਪੈ ਜਾਂਦੀ ਹੈ ਜੋ ਕਿ ਗਸ਼ਤ ਕਰਨ ਸਮੇਂ ਵਾਹਨ ਉੱਤੇ ਬੈਠ ਕੇ ਉਸਦੀ ਮਦੱਦ ਕਰੇ।

ਗੱਡੀ ਵਾਲੀ ਗਸ਼ਤ ਦੇ ਹੇਠ ਲਿਖੇ ਲਾਭ ਹਨ :

- ਮੋਟਰ ਸਾਇਕਲਾਂ ਤੇ ਕੀਤੀ ਜਾਣ ਵਾਲੀ ਗਸ਼ਤ ਅਤੇ ਬਹੁਮੰਤਵੀਂ ਗਡੀਆਂ ਵਾਲੀ ਗਸ਼ਤ ਬਹੁਤ ਦੂਰ ਤਕ ਨਜਰਸਾਨੀ ਕਰਦੀ ਹੈ ਅਤੇ ਇਸ ਦਾ ਬਹੁਤ
- ਗਸ਼ਤ ਕਰਨ ਵਾਲੇ ਵਿਅਕਤੀ ਹੋਰ ਸਾਮਾਨ ਨਾਲ ਲੈ ਕੇ ਜਾ ਸਕਦੇ ਹਨ ਅਤੇ ਗਸ਼ਤ ਕਰਦੇ ਸਮੇਂ ਨਾਲ–ਨਾਲ ਦੀ ਵੇਰਵੇ ਵੀ ਨੋਟ ਕਰਦੇ ਰਹਿੰਦੇ ਹਨ।
- ਮੌਸਮ ਵੀ ਗਸ਼ਤ ਦੀ ਗੁਣਵੱਤਾ ਤੇ ਬੁਰਾ ਅਸਰ ਨਹੀਂ ਪਾਉਂਦਾ।
- ਵਾਰਦਾਤਾਂ ਨੂੰ ਰੋਕਣ ਅਤੇ ਅਪਰਾਧੀਆਂ ਨੂੰ ਮੌਕੇ ਤੇ ਦਬੋਚਣ ਦੀ ਸਮਰੱਥਾ ਕਾਫ਼ੀ ਵਧ ਜਾਂਦੀ ਹੈ।
- ਮੌਸਮ ਵੀ ਗਸ਼ਤ ਦੀ ਗੁਣਵੱਤਾ ਤੇ ਬੁਰਾ ਅਸਰ ਨਹੀਂ ਪਾਉਂਦਾ।
- ਗੱਡੀਆਂ ਉਤੇ ਕੀਤੀ ਜਾਣ ਵਾਲੀ ਹਥਿਆਰਬੰਦ ਗਸ਼ਤ ਦੌਰਾਨ ਹਥਿਆਰ ਖੋਹ ਲਏ ਜਾਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।

ਗੱਡੀਆਂ ਤੇ ਕੀਤੀ ਜਾਣ ਵਾਲੀ ਗਸ਼ਤ ਦੇ ਨੁਕਸਾਨ ਹੇਠ ਲਿਖੇ ਹਨ :

- ਗਸ਼ਤ ਕਰਨ ਵਾਲੀ ਪਾਰਟੀ ਨੂੰ ਗੱਡੀਆਂ ਨੂੰ ਚਾਲੂ ਰਖਣ ਲਈ ਉਸਦੀ ਸਮੇਂ ਸਿਰ ਸਰਵਿਸ ਕਰਵਾਣੀ ਪੈਂਦੀ ਹੈ ਜੋ ਇਕ ਵਾਧੂ ਜਿਹੀ ਜ਼ਿੰਮੇਵਾਰੀ ਹੈ।
- ਇਹ ਗਸ਼ਤ ਸਿਰਫ ਉਨ੍ਹਾਂ ਇਲਾਕਿਆਂ ਵਿਚ ਹੀ ਕੀਤੀ ਜਾ ਸਕਦੀ ਹੈ, ਜਿੱਥੇ ਗੱਡੀਆਂ ਜਾ ਸਕਦੀਆਂ ਹੋਣ। ਭਾਵ ਇਸ ਗਸ਼ਤ ਲਈ ਜਰੂਰੀ ਹੈ ਕਿ ਵਧੀਆ ਸੜਕ ਹੋਵੇ ਅਤੇ ਗੱਡੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਰੁਕਾਵਟ ਜਾਂ ਸਮੱਸਿਆ ਨਾ ਹੋਵੇ।

ਗੱਡੀ ਵਿੱਚ ਵਿਸ਼ਾਲ ਖੇਤਰ ਵਿੱਚ ਚਾਰੇ ਪਾਸੇ ਨਹੀਂ ਦੇਖਿਆ ਜਾ ਸਕਦਾ। ਭਾਵ ਗਸ਼ਤ ਦੇ ਖੇਤਰ ਦੀ ਨਜਰਸਾਨੀ ਕਾਫੀ ਸੀਮਿਤ ਹੁੰਦੀ ਹੈ ਅਤੇ ਇਸ ਪ੍ਰਕਾਰ ਦੀ ਗਸ਼ਤ ਵਿੱਚ ਗਿਆਨ ਇੰਦਰੀਆਂ ਦੀ ਸੁਚੱਜੀ ਵਰਤੋਂ ਨਹੀਂ ਕੀਤੀ ਜਾ ਸਕਦੀ, ਜਿਵੇਂ : ਸੁੰਘਣਾ ਅਤੇ ਪੂਰੀ ਤਰ੍ਹਾਂ ਸੁਣਨਾ ਖ਼ਾਸ ਤੌਰ ਤੇ ਇਕ ਬੰਦ ਗੱਡੀ ਵਿੱਚ ਜਾਂ ਕਾਫੀ ਰੌਲਾ ਪਾਉਣ ਵਾਲੀ ਗੱਡੀ, ਜਿਵੇਂ : ਮੋਟਰ ਸਾਇਕਲ ਵਿੱਚ।

ਦੇਖਣ ਵਾਲੇ ਯੰਤਰਾਂ ਰਾਹੀਂ ਸਥਾਈ ਗਸ਼ਤ : **Visual Fixed Patrol**

ਤਕਨੀਕੀ-ਵਿਗਿਆਨ ਵਿੱਚ ਤਰੱਕੀ ਹੋ ਜਾਣ ਨਾਲ, ਹੁਣ ਇਕ ਸੁਰੱਖਿਆ ਗਾਰਡ ਲਈ ਇੱਕ ਸਥਾਨ ਤੇ ਬੈਠ ਕੇ ਹੀ ਸੈਂਸਰਾਂ, ਕੈਮਰਿਆਂ ਅਤੇ ਹੋਰ ਯੰਤਰਾਂ ਦੀ ਮਦਦ ਨਾਲ ਸਾਰੇ ਇਲਾਕੇ ਤੇ ਨਜਰ ਰਖਣੀ ਸੰਭਵ ਹੈ। ਆਮ ਤੌਰ ਤੇ ਇਹ ਇੱਕ ਪਰੰਪਰਿਕ ਗਸ਼ਤ ਨਹੀਂ ਹੈ, ਕਿਉਂਕਿ ਇਸ ਵਿੱਚ ਕੋਈ ਵੀ ਵਿਅਕਤੀ ਸੰਬੰਧਿਤ ਇਲਾਕੇ ਵਿੱਚ ਘੁੰਮਦਾ ਫਿਰਦਾ ਨਹੀਂ ਹੈ। ਇਸ ਨੂੰ ਅਕਸਰ ਦੇਖੀ ਗਈ ਜਾਂ ਸਥਾਈ ਗਸ਼ਤ ਕਿਹਾ ਜਾਂਦਾ ਹੈ।

## ਅਭਿਆਸ EXERCISE

### I. ਘਟਨਾ ਆਧਾਰਿਤ ਮੁਸ਼ਕਿਲਾਂ **Case Based Problem**

ਹੇਠ ਲਿਖੀ ਸਥਿਤੀ ਨੂੰ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਦਿਉ

ਦ੍ਰਿਸ਼ ਬਿਰਤਾਂਤ **Scenario**

ਕੁਝ ਗੈਰ ਸਮਾਜੀ ਤੱਤ ਹਨ, ਜੋ ਸਕੂਲ ਦੇ ਵਿਦਿਆਰਥੀਆਂ ਅਤੇ ਲੜਕੀਆਂ ਨੂੰ ਸਕੂਲ ਜਾਂਦੇ ਹੋਏ ਜਾਂ ਵਾਪਸ ਆਉਂਦੇ ਹੋਏ ਪ੍ਰੇਸ਼ਾਨ ਕਰਦੇ ਹਨ। ਤੁਹਾਡੇ ਸਕੂਲ ਦੇ ਪ੍ਰਿੰਸੀਪਲ ਨੇ ਇਕ ਕੰਮ ਦਿਤਾ ਹੈ ਕਿ ਵਿਦਿਆਰਥੀਆਂ ਨੂੰ ਸੁਰੱਖਿਆ ਦੇਣ ਲਈ ਗਸ਼ਤ ਕੀਤੀ ਜਾਵੇ।

ਪ੍ਰਸ਼ਨ ਨੰ : 1 ਇਸ ਸਥਿੱਤੀ ਵਿੱਚ ਗਸ਼ਤ ਕਰਨ ਦਾ ਕੀ ਉਦੇਸ਼ ਹੈ ?

ਉਤਰ ____________________________________________

____________________________________________

ਪ੍ਰਸ਼ਨ ਨੰ : 2 ਇਸ ਸਥਿੱਤੀ ਵਿੱਚ ਕਿਸ ਪ੍ਰਕਾਰ ਦੀ ਗਸ਼ਤ ਜਿਆਦਾ ਅਸਰਦਾਰ ਹੋਵੇਗੀ ?

ਉਤਰ____________________________________________

____________________________________________

ਦਿੱਤਾ ਗਿਆ ਕੰਮ **Assignment**

ਦਸ ਵਿਅਕਤੀਆਂ ਦੀ ਗਸ਼ਤ ਪਾਰਟੀ ਬਣਾਉ ਅਤੇ ਉਨ੍ਹਾਂ ਵਿੱਚੋਂ ਇਕ ਨੂੰ ਗਸ਼ਤ ਪਾਰਟੀ ਦਾ ਨੇਤਾ ਚੁਣੋ। ਆਪਣੇ ਅਧਿਆਪਕ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ, ਸਕੂਲ ਤੋਂ ਲਗਭਗ ਤਿੰਨ ਕਿਲੋਮੀਟਰ ਦੂਰ ਤਕ ਦੀ ਪੈਦਲ ਗਸ਼ਤ ਦਾ ਪ੍ਰੋਗਰਾਮ ਬਣਾਉ। ਭਾਵ ਤਿੰਨ ਕਿਲੋਮੀਟਰ ਤਕ ਸਕੂਲ ਦੇ ਇਰਦ-ਗਿਰਦ ਗਸ਼ਤ ਲਗਾਉ।

ਇਲਾਕੇ ਤੇ ਨਜ਼ਰ ਰਖੱਣ ਲਈ ਗਸ਼ਤ ਲਈ ਚੱਲ ਪਓ ਅਤੇ ਸੁਰੱਖਿਆ ਵਿਚ ਪਾਈਆਂ ਜਾਣ ਵਾਲੀਆਂ ਕਮੀਆਂ ਦਾ ਪਤਾ ਲਗਾਓ ਅਤੇ ਹੇਠ ਲਿਖੇ ਪ੍ਰਸ਼ਨਾਂ ਦਾ ਉਤਰ ਲਿਖੋ:

ਪ੍ਰਸ਼ਨ 1 ਗਸ਼ਤ ਦਾ ਕਿਹੜਾ ਰੂਟ ਜਾਂ ਰਸਤਾ ਅਪਣਾਇਆ ਗਿਆ ਅਤੇ ਇਸ ਦੀ ਲੰਬਾਈ ਜਾਂ ਦੂਰੀ ਕਿੰਨੀ ਸੀ ?

ਪ੍ਰਸ਼ਨ 2 ਗਸ਼ਤ ਵਾਲੇ ਰੂਟ ਤੇ ਕੋਈ ਰੁਕਾਵਟ ਸੀ ਜੇ ਕੋਈ ਸੀ ਤਾਂ ਤੁਸੀਂ ਉਸ ਨੂੰ ਕਿਵੇਂ ਹੱਲ ਕੀਤਾ ?

ਪ੍ਰਸ਼ਨ 3 ਅਜਿਹੇ ਕਿਹੜੇ ਇਲਾਕੇ ਹਨ, ਜਿੱਥੋਂ ਕੋਈ ਵਿਅਕਤੀ ਅਦਾਰੇ ਦੀ ਚਾਰ ਦੀਵਾਰੀ ਵਿਚ ਜ਼ਬਰਦਸਤੀ ਅੰਦਰ ਆ ਸਕਦਾ ਹੈ ?

ਪ੍ਰਸ਼ਨ 4 ਕੀ ਤੁਸੀਂ ਸੁਰੱਖਿਆ ਵਿੱਚ ਕਿਸੇ ਰੁਕਾਵਟ ਦੇ ਨਿਸ਼ਾਨਾਂ ਨੂੰ ਦੇਖਿਆ ਹੈ ਜਿਵੇਂ ਕਿ ਚਾਰ ਦੀਵਾਰੀ ਜਾਂ ਕੰਧ ਵਿਚ ਦਰਾਰ ਦਾ ਹੋਣਾ ਜੇਕਰ ਹੈ ਤਾਂ ਇਸ ਸਥਿੱਤੀ ਵਿੱਚ ਤੁਸੀਂ ਕੀ ਕਰੋਗੇ ?

ਪ੍ਰਸ਼ਨ 5 : ਗਸ਼ਤ ਵਾਲੇ ਰੂਟ ਨੂੰ ਤੁਸੀਂ ਕਿੰਨੇ ਸਮੇਂ ਵਿਚ ਪੂਰਾ ਕੀਤਾ ?

ਪ੍ਰਸ਼ਨ 6 : ਕੀ ਗਸ਼ਤ ਕਿਸੇ ਗੱਡੀ ਤੇ ਕੀਤੀ ਗਈ, ਅਤੇ ਗਸ਼ਤ ਪਾਰਟੀ ਨੇ ਕਿੰਨਾ ਸਮਾਂ ਲਾਉਣਾ ਸੀ ?

ਪ੍ਰਸ਼ਨ 7 : ਪੈਦਲ ਗਸ਼ਤ ਨਾਲੋਂ ਗੱਡੀ ਤੇ ਕੀਤੀ ਜਾਣ ਵਾਲੀ ਗਸ਼ਤ ਕੀ ਜ਼ਿਆਦਾ ਪ੍ਰਭਾਵਸ਼ਾਲੀ ਸੀ ?

ਪ੍ਰਸ਼ਨ 8 : ਪੈਦਲ ਗਸ਼ਤ ਕਰਨ ਦੇ ਕੀ ਕੀ ਲਾਭ ਹਨ ?

ਪ੍ਰਸ਼ਨ 9 : ਪੈਦਲ ਗਸ਼ਤ ਕਰਨ ਦੇ ਕੀ ਕੀ ਨੁਕਸਾਨ ਹਨ ?

## ਮੁਲਾਂਕਣ ASSESSMENT

### ਛੋਟੇ ਜਵਾਬਾਂ ਵਾਲੇ ਪ੍ਰਸ਼ਨ **Short Answer Questions**

ਪ੍ਰਸ਼ਨ 1 : ਉਹ ਅਜਿਹੇ ਕਿਹੜੇ ਇਲਾਕੇ ਹਨ, ਜਿੱਥੇ ਪੈਦਲ ਗਸ਼ਤ ਕਰਨਾ ਇਕ ਆਮ ਗੱਲ ਹੈ ?

ਪ੍ਰਸ਼ਨ 2 : ਮਾਲ ਅਤੇ ਰਿਹਾਇਸ਼ੀ ਕਾਲੌਨੀਆਂ ਵਿੱਚ ਪੈਦਲ ਗਸ਼ਤ ਕਰਨ ਦੇ ਕੀ ਕੀ ਲਾਭ ਹਨ ?

ਪ੍ਰਸ਼ਨ 3 : ਸੜਕਾਂ ਅਤੇ ਵਿਸ਼ਾਲ ਰਿਹਾਇਸ਼ੀ ਇਲਾਕਿਆਂ ਵਿਚ ਕਿਸ ਪ੍ਰਕਾਰ ਦੀ ਗਸ਼ਤ ਕੀਤੀ ਜਾ ਸਕਦੀ ਹੈ। ਤਿੰਨ ਕਾਰਨ ਲਿਖੋ।

ਪ੍ਰਸ਼ਨ 4 : ਗੱਡੀਆਂ ਤੇ ਗਸ਼ਤ ਕਰਨ ਦੇ ਕੀ ਕੀ ਲਾਭ ਹਨ ?

ਪ੍ਰਸ਼ਨ5 : ਭੀੜ ਵਾਲੀ ਮਾਰਕੀਟ ਵਿੱਚ, ਵਿਸ਼ੇਸ਼ ਤੌਰ ਤੇ ਗੱਡੀਆਂ ਵਾਲੀ ਗਸ਼ਤ ਦੇ ਕੀ-ਕੀ ਨੁਕਸਾਨ ਹਨ ?

___________________________________________

___________________________________________

___________________________________________

___________________________________________

ਪ੍ਰਸ਼ਨ6: ਦੋ ਉਦਾਹਰਣਾਂ ਦਿਉ, ਜਿੱਥੇ ਦੇਖਣ ਵਾਲੇ ਯੰਤਰਾਂ ਰਾਹੀਂ ਜਾਂ ਸਥਾਈ ਗਸ਼ਤ ਅਸਰਦਾਰ ਢੰਗ ਨਾਲ ਕੀਤੀ ਜਾ ਸਕਦੀ ਹੈ ?

___________________________________________

___________________________________________

___________________________________________

## ਮੁਲਾਂਕਣ ਲਈ ਦਸਤਾਵੇਜ਼ CHECKLIST FOR ASSESSMENT ACTIVITY

ਮੁਲਾਂਕਣ ਲਈ ਦਸਤਾਵੇਜ਼ਾਂ ਦੀ ਸੂਚੀ-ਹੇਠ ਲਿਖੀ ਦਸਤਾਵੇਜ ਸੂਚੀ ਦੀ ਵਰਤੋਂ ਕਰੋ ਅਤੇ ਦੇਖੋ ਕਿ ਕੀ ਤੁਸੀਂ ਮੁਲਾਂਕਣ ਸੰਬੰਧੀ ਜ਼ਰੂਰਤਾਂ ਪੂਰੀਆਂ ਕਰ ਲਈਆਂ ਹਨ ?

**ਭਾਗ (ੳ) Part A**

ਦਰਮਿਆਨ ਅੰਤਰ ਸਮਝਾਇਆ ਗਿਆ ?

(ੳ) ਪੈਦਲ ਅਤੇ ਗੱਡੀਆਂ ਤੇ ਕੀਤੀ ਜਾ ਸਕਣ ਵਾਲੀ

(ਅ) ਫੌਜ ਵੱਲੋਂ ਗਸ਼ਤ ਅਤੇ ਨਿੱਜੀ ਸੁਰੱਖਿਆ ਕਰਮਚਾਰੀ ਵੱਲੋਂ ਕੀਤੀ ਗਈ ਗਸ਼ਤ।

**ਭਾਗ (ਅ) Part B**

ਜਮਾਤ ਵਿਚ ਹੇਠ ਲਿਖੇ ਤੇ ਚਰਚਾ ਕੀਤੀ ਗਈ :

(ੳ) ਗਸ਼ਤ ਕਰਨ ਦਾ ਕੀ ਉਦੇਸ਼ ਹੈ ?

(ਅ) ਫੌਜ ਵੱਲੋਂ ਗਸ਼ਤ ਅਤੇ ਨਿੱਜੀ ਸੁਰੱਖਿਆ ਕਰਮਚਾਰੀ ਵੱਲੋਂ ਕੀਤੀ ਗਈ ਗਸ਼ਤ।

**ਭਾਗ (ੲ) Part C**

ਕੰਮ ਦੇ ਪੱਧਰ Performance standards

ਕੰਮ ਦੇ ਹੇਠ ਲਿਖੇ ਪੱਧਰਾਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਇਥੋਂ ਤਕ ਹੀ ਸੀਮਿਤ ਨਹੀਂ।

| ਕੰਮ ਦੇ ਪੱਧਰ **Performance standards** | ਹਾਂ | ਨਹੀਂ |
|---|---|---|
| ਭਿੰਨ ਭਿੰਨ ਪ੍ਰਕਾਰ ਦੀਆਂ ਗਸ਼ਤਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ। | | |

## ਕਾਰਜਕਾਲ 2 : ਗਸ਼ਤ ਦੀ ਤਿਅਰੀ ਅਤੇ ਗਸ਼ਤ ਕਰਨਾ PREPARATION AND CONDUCT OF PATROLLING

## ਢੁੱਕਵਾਂ ਗਿਆਨ RELEVANT KNOWLEDGE

ਗਸ਼ਤ ਇਕ ਅਜਿਹੀ ਗੰਭੀਰ ਗਤੀਵਿਧੀ ਹੈ ਜੋ ਮੁਕੰਮਲ ਯੋਜਨਾ ਅਤੇ ਪੂਰੀ ਤਿਆਰੀ ਚਾਹੁੰਦੀ ਹੈ। ਇਹ ਉਸ ਵਿਅਕਤੀ ਤੋਂ ਸ਼ੁਰੂ ਹੁੰਦੀ ਹੈ, ਜੋ ਗਸ਼ਤ ਕਰਨ ਦਾ ਹੁਕਮ ਦਿੰਦਾ ਹੈ। ਹੁਕਮ ਦੇਣ ਵਾਲਾ ਵਿਅਕਤੀ ਸਪੱਸ਼ਟ ਰੂਪ ਵਿਚ ਗਸ਼ਤ ਦੇ ਉਦੇਸ਼ ਅਤੇ ਟੀਚਿਆਂ ਬਾਰੇ ਦੱਸਦਾ ਹੈ। ਉਦਾਹਰਣ ਵੱਜੋਂ ਕਾਰਖਾਨੇ ਦੀ ਸੁਰੱਖਿਆ ਯਕੀਨੀ ਬਣਾਉਣਾ ਇਸ ਦਾ ਉਦੇਸ਼ ਹੈ। ਟੀਚਿਆਂ ਵਿੱਚ ਕਾਰਖਾਨੇ ਦੀ ਚਾਰ ਦੀਵਾਰੀ ਜਾਂ ਵਾੜ ਦੀ ਸੁਰੱਖਿਆ ਵਿੱਚ ਕਮੀਆਂ, ਅਹਾਤੇ ਵਿਚ ਸੁਰੱਖਿਆ ਸੰਬੰਧੀ ਰੌਸ਼ਨੀ ਅਤੇ ਅਹਾਤੇ ਦੇ ਅੰਦਰ ਲਗਾਏ ਗਏ ਅਲਾਰਮਾਂ ਦੀ ਚੈਕਿੰਗ ਸ਼ਾਮਲ ਹੈ। ਜਿਉਂ ਹੀ ਗਸ਼ਤ ਕਰਨ ਦਾ ਹੁਕਮ ਦਿੱਤਾ ਜਾਂਦਾ ਹੈ ਤਾਂ ਹੇਠ ਲਿਖੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ।

### ਰੋਜਾਨਾ ਕਾਰਵਾਈ **Routine**

ਨੱਜੀ ਸੁਰੱਖਿਆ ਦੇ ਖੇਤਰ ਵਿੱਚ, ਗਸ਼ਤ, ਆਮ ਤੌਰ ਤੇ ਦੁਹਰਾਈ ਜਾਣ ਵਾਲੀ ਪ੍ਰਕ੍ਰਿਆ ਹੈ, ਜਿਸ ਵਿਚ ਸਾਮਾਨੰ ਦੀ ਸੁਰੱਖਿਆ ਸ਼ਾਮਲ ਹੈ, ਪਰ ਜਿਥੇ ਗਸ਼ਤ ਅਪਰਾਧੀਆਂ ਨੂੰ ਜਾਂ ਖਤਰਨਾਕ ਕਾਰਵਾਈਆਂ ਨੂੰ ਰੋਕਣ ਲਈ ਕੀਤੀ ਜਾਂਦੀ ਹੈ ਉੱਥੇ ਹਰ ਵਾਰ ਕਾਰਵਾਈ ਅਲੱਗ ਅਲੱਗ ਹੁੰਦੀ ਹੈ। ਉਦਾਹਰਣ ਵੱਜੋਂ ਇੱਕ ਅਜਿਹੀ ਗਸ਼ਤ ਕਰਨ ਵਾਲੀ ਪਾਰਟੀ, ਜਿਸ ਵਿੱਚ ਇੱਕੋ ਵਿਅਕਤੀ ਸੁਰੱਖਿਆ ਨਾਲ਼ ਸੰਬੰਧਿਤ ਅਤੇ ਦੂਸਰਾ ਤਕਨੀਕੀ ਕਰਮਚਾਰੀ ਹੋਵੇ, ਜੋ ਕਿਸੇ ਪਲਾਂਟ ਜਾਂ ਕਾਰਖਾਨੇ ਦੇ ਕੰਮ ਨੂੰ ਦੇਖ ਰਿਹਾ ਹੋਵੇ, ਉਨ੍ਹਾਂ ਦਾ ਇੱਕ ਹੀ ਸਥਾਈ ਕੰਮ ਹੋ ਸਕਦਾ ਹੈ। ਉਹ ਹਰੇਕ ਘੰਟੇ, ਚ ਉਸ ਇਲਾਕੇ ਵਿਚ ਨਜਰਸਾਨੀ ਲਈ ਜਾਣਗੇ ਪਰ ਕਾਰਖਾਨੇ ਜਾਂ ਸੰਸਥਾ ਦੀ ਜਾਂ ਅਹਾਤੇ ਦੀ ਸੁਰੱਖਿਆ ਕਰਨ ਵਾਲਿਆਂ ਦਾ ਸਮਾਂ ਅਲੱਗ ਹੋਵੇਗਾ ਅਤੇ ਨਾ ਦਸਣ ਯੋਗ ਹੋਵੇਗਾ ਤਾਂ ਕਿ ਅਪਰਾਧ ਕਰਨ ਵਾਲੇ ਤੱਤ ਦੱਸੀ ਗਈ ਗਸ਼ਤ ਦਾ ਨਾਜਾਇਜ਼ ਫਾਇਦਾ ਨਾ ਉਠਾ ਸਕਣ।

### ਸਥਾਨ ਸੰਬੰਧੀ ਹੁਕਮ **Site Orders:**

ਗਸ਼ਤ ਲਈ ਉਦੇਸ਼ ਅਤੇ ਹੁਕਮ, ਸਥਾਨ ਅਤੇ ਤੈਨਾਤ ਕੀਤੀ ਗਈ ਸੁਰੱਖਿਆ ਚੌਂਕੀ ਤੋਂ ਬਾਹਰ ਦੇ ਹੁੰਦੇ ਹਨ। ਸੁਰੱਖਿਆ ਅਫਸਰ ਆਪਣੇ ਨਾਲ ਸੰਬੰਧਿਤ ਕਰਮਚਾਰੀਆਂ ਨੂੰ ਸਥਾਨ ਸੰਬੰਧੀ ਮੁਕੰਮਲ ਹੁਕਮ ਸਮਝਾਉਣਗੇ ਅਤੇ ਸਾਰੇ ਹੀ ਸੁਰੱਖਿਆ ਕਰਮਚਾਰੀ, ਆਪਣੇ ਹੁਕਮਾਂ ਤੋਂ ਸਿਵਾਏ ਉਨ੍ਹਾਂ ਸੰਬੰਧੀ ਜਾਣਕਾਰ ਹੋਣੇ ਚਾਹੀਦੇ ਹਨ। ਉਦਾਹਰਣ ਵੱਜੋਂ, ਜੇ ਸਾਰੇ ਟੀਚਿਆਂ ਵਿੱਚੋਂ ਇੱਕ ਟੀਚਾ ਇਹ ਚੈੱਕ ਕਰਨਾ ਹੋਵੇ ਕਿ ਕਿਸੇ ਵਿਸ਼ੇਸ਼ ਸਥਾਨਾਂ ਤੋਂ ਘੁਸਪੈਠ ਹੋਈ ਹੈ ਜਾਂ ਨਹੀਂ ਤਾਂ ਫਿਰ ਉਸ ਇਲਾਕੇ ਵਿੱਚ ਤੈਨਾਤ ਸੁਰੱਖਿਆ ਚੌਂਕੀ ਵੀ ਉਸਨੂੰ ਅਪਣਾ ਟੀਚਾ ਸਮਝੇਗੀ।

ਜਾਣਕਾਰੀ **Familarisation:** ਗਸ਼ਤ ਕਰਨ ਵਾਲੀ ਪਾਰਟੀ ਨੂੰ ਗਸ਼ਤ ਦੇ ਸਥਾਨ, ਜਾਣ ਦਾ ਰਸਤਾ ਅਤੇ ਗਸ਼ਤ ਦੇ ਸਾਰੇ ਪੱਖਾਂ ਤੋਂ ਜਾਣਕਾਰ ਹੋਣਾ ਚਾਹੀਦਾ ਹੈ। ਉਦਾਹਰਣ ਵੱਜੋਂ : ਅਹਾਤੇ ਦੀ ਸੁਰੱਖਿਆ ਕਰਨ ਵਾਲੀ ਗਸ਼ਤ ਨੂੰ ਸਵਿੱਚਾਂ, ਵਿੱਚ ਲਗਾਈ ਗਈ ਵਾੜ, ਦਾਖਲ ਹੋਣ ਦੇ ਸਾਰੇ ਰਸਤੇ, ਗੇਟਾਂ ਦੀ ਸਥਿਤੀ, ਸੁਰੱਖਿਆ ਸੰਬੰਧੀ ਕੀਤੀ ਗਈ ਰੌਸ਼ਨੀ ਦਾ ਪ੍ਰਬੰਧ ਅਤੇ ਸਵਿੱਚਾਂ ਦਾ ਪੂਰਾ ਪੂਰਾ ਗਿਆਨ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਹੀ ਕਾਰਖਾਨੇ ਜਾਂ ਮਸ਼ੀਨਰੀ ਦੀ ਸੁਰੱਖਿਆ ਲਈ ਲਗਾਈ ਗਈ ਗਸ਼ਤ ਨੂੰ ਅਲਾਰਮ ਵਾਲੇ ਚੌਖਟਿਆਂ ਜਾਂ ਪੈਨਲਾਂ, ਵਾਲਵਾਂ, ਟੈਲੀਫੋਨ ਅਤੇ ਹੋਰ ਸਾਮਾਨ ਦੀ ਪੂਰੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਇਹ ਵੀ ਮਹੱਤਵਪੂਰਨ ਗੱਲ ਹੈ ਕਿ ਤੁਹਾਨੂੰ ਉਸ ਇਲਾਕੇ ਦੇ ਲੋਕਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਕਿ ਤੁਸੀਂ ਇਕ ਦਮ ਖਬਰਦਾਰ ਹੋ ਜਾਉ, ਜੇ ਕਿਤੇ ਤੁਹਾਡੇ ਇਲਾਕੇ ਵਿਚ ਕੋਈ ਅਜਨਬੀ ਘੁੰਮ ਰਿਹਾ ਹੈ।

ਜਾਣ ਵਾਲ਼ੇ ਰਸਤੇ ਦਾ ਨਕਸ਼ਾ ਜਾਂ ਚਾਰਟ **(Route Chart)** : ਫੌਜ ਵਿੱਚ, ਇਹ ਬਹੁਤ ਮਹੱਤਵਪੂਰਨ ਪੱਖ ਹੈ ਕਿਉਂਕਿ ਜਾਣ ਵਾਲਾ ਜਾਂ ਗਸ਼ਤ ਕਰਨ ਵਾਲਾ ਰਸਤਾ ਦੁਸ਼ਮਣ ਦੇ ਇਲਾਕੇ ਵਿੱਚ ਪੈਂਦਾ ਹੈ। ਨਿੱਜੀ ਸੁਰੱਖਿਆ ਵਿੱਚ ਗਸ਼ਤ ਪਾਰਟੀ ਨੂੰ ਹੁਕਮ ਦੇਣ ਵਾਲਾ ਅਫਸਰ ਆਮ ਤੌਰ ਤੇ ਜਾਣ ਵਾਲੇ ਰਸਤੇ ਦਾ ਨਕਸ਼ਾ ਬਣਾਉਂਦਾ ਹੈ ਅਤੇ ਅਲੱਗ ਅਲੱਗ ਸਥਾਨਾਂ ਤੇ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਵੀ ਤੈਅ ਕਰਦਾ ਹੈ। ਬਦਲਵੇਂ ਰੂਟ ਜਾਂ ਗਸ਼ਤ ਮਾਰਗ ਇਹ ਯਕੀਨੀ ਬਣਾਉਣ ਲਈ ਅਪਣਾਏ ਜਾਂਦੇ ਹਨ ਤਾਂ ਕਿ ਕਿਸੇ ਵੀ ਰਸਤੇ ਤੇ ਕਿਸੇ ਸਮੱਸਿਆ ਕਾਰਨ, ਗਸ਼ਤ ਪਾਰਟੀ ਫਸ ਨਾ ਜਾਵੇ ਅਤੇ ਉਸ ਦਾ ਕੰਮ ਰੁਕ ਨਾ ਜਾਵੇ।

ਸਾਮਾਨ **(Equipment)** : ਗਸ਼ਤ ਦੇ ਉਦੇਸ਼ ਅਤੇ ਟੀਚਿਆਂ ਨੂੰ ਧਿਆਨ ਵਿੱਚ ਰੱਖੋ ਤਾਂ ਕਿ ਤੁਸੀਂ ਪੂਰੀ ਤਰ੍ਹਾਂ ਸਾਮਾਨ ਨਾਲ ਲੈਸ ਹੋ ਸਕੋ। ਪੈਦਲ ਗਸ਼ਤ ਕਰਨ ਵਾਲੀ ਪਾਰਟੀ ਕੋਲ, ਆਮ ਤੌਰ ਤੇ ਰਾਤ ਨੂੰ ਵਰਤਣ ਲਈ ਬੈਟਰੀਆਂ, ਸੂਚਨਾ ਵਾਲੇ ਯੰਤਰ, ਸੀਟੀ, ਬੈਂਤ, ਲਿਖਣ ਲਈ ਕਾਪੀ, ਪੈੱਨ, ਅਤੇ ਨਜਰਸਾਨੀ ਕਰਨ ਲਈ ਯੰਤਰ ਹੁੰਦੇ ਹਨ। ਤਕਨੀਕੀ ਗਸ਼ਤ ਕੋਲ ਟੀਚਾ ਪੂਰਾ ਕਰਨ ਲਈ ਸਹੀ ਔਜਾਰ ਹੋਣੇ ਚਾਹੀਦੇ ਹਨ।

ਗਸ਼ਤ ਦੀ ਯੋਜਨਾ **(Patrol Plan)**: ਸਾਰੇ ਪੱਖਾਂ ਨੂੰ ਸਮਝਣ ਤੋਂ ਬਾਅਦ, ਪੂਰੇ ਵਿਸਥਾਰ ਸਹਿਤ ਯੋਜਨਾ ਤਿਆਰ ਕੀਤੀ ਜਾਂਦੀ ਹੈ ਤਾਂ ਕਿ ਸਾਰੇ ਟੀਚਿਆਂ ਅਤੇ ਖਰਚਿਆਂ ਨੂੰ ਪੂਰਾ ਕੀਤਾ ਜਾ ਸਕੇ। ਜਿੱਥੇ ਗਸ਼ਤ ਪਾਰਟੀਆਂ ਲਗਾਤਾਰ ਜਾਂਦੀਆਂ ਹੋਣ, ਉੱਥੇ ਗਸ਼ਤ ਪਾਰਟੀ, ਗਸ਼ਤ ਸੰਬੰਧੀ ਹੁਕਮਾਂ ਅਨੁਸਾਰ ਕੰਮ ਕਰਦੀ ਹੈ। ਕੇਵਲ ਭੁਲੇਖਾ ਪਾਉਣ ਲਈ ਰੋਜ਼ਾਨਾ ਕਾਰਵਾਈ ਨੂੰ ਬਦਲਿਆ ਜਾਂਦਾ ਹੈ।

ਗਸ਼ਤ ਕਰਨ ਦਾ ਤਰੀਕਾ ਜਾਂ ਗਸ਼ਤ ਦੀ ਪ੍ਰਕ੍ਰਿਆ **(Conduct of Patrolling)**: ਗਸ਼ਤ ਵਿਚ ਨਿਪੁੰਨ ਹੋਣ ਲਈ ਤੁਹਾਨੂੰ ਇਕ ਵਧੀਆ ਨਜ਼ਰਸਾਨੀ ਕਰਨ ਵਾਲਾ ਅਤੇ ਜਲਦੀ ਨਾਲ ਸੋਚਣ ਵਾਲਾ ਹੋਣਾ ਚਾਹੀਦਾ ਹੈ। ਤੁਹਾਨੂੰ ਘਟਨਾਵਾਂ ਦੀ ਸਮਝ ਹੋਣੀ ਚਾਹੀਦੀ ਹੈ ਤਾਂ ਕਿ ਇਹ ਤੁਹਾਡੇ ਉਤੇ ਭਾਰੂ

ਨਾ ਹੋ ਜਾਣ। ਇਕ ਸਾਧਾਰਣ ਚੀਜ਼ ਜਿਵੇਂ : ਆਪਣੇ ਸਰੀਰ ਤੋਂ ਦੂਰ ਰੱਖ ਕੇ ਬੈਟਰੀ ਦੀ ਵਰਤੋਂ ਕਰੋ ਤਾਂ ਕਿ ਦੁਸ਼ਮਣ ਤੁਹਾਨੂੰ ਦੇਖ ਨਾ ਸਕੇ ਅਤੇ ਤੁਸੀਂ ਸੁਰੱਖਿਅਤ ਰਹੋ। ਸੁਰੱਖਿਆ ਸੰਬੰਧੀ ਹੋਰ ਪੱਖ ਹੇਠ ਲਿਖੇ ਹਨ।

(ੳ) ਸੁਰੱਖਿਆ ਯਕੀਨੀ ਬਣਾਉਣਾ **(Ensure Safety)**: ਕੁਝ ਇਹੋ ਜਿਹੀਆਂ ਗਤੀਵਿਧੀਆਂ, ਜੋ ਤੁਹਾਡੀ ਰੱਖਿਆ ਕਰ ਸਕਦੀਆਂ ਹਨ ਅਤੇ ਤੁਹਾਡੀ ਗਸ਼ਤ ਨੂੰ ਸਫਲ ਬਣਾ ਸਕਦੀਆਂ ਹਨ, ਹੇਠ ਲਿਖੀਆਂ ਹਨ :

- ਤੇਜ਼ ਖੁਸ਼ਬੂਦਾਰ ਪਦਾਰਥਾਂ ਦੀ ਵਰਤੋਂ ਨਾ ਕਰੋ ਅਤੇ ਰਾਤ ਦੀ ਗਸ਼ਤ ਕਰਨ ਵੇਲੇ ਖੁਸ਼ਬੂਦਾਰ ਪਾਊਡਰ ਦੀ ਵਰਤੋਂ ਬਿਲਕੁਲ ਨ ਕਰੋ।
- ਗਸ਼ਤ ਕਰਦੇ ਸਮੇਂ ਸਿਗਰਟ/ਬੀੜੀ ਨਾ ਪੀਉ।
- ਪਰਛਾਵਿਆਂ ਦੀ ਵਰਤੋਂ ਕਰੋ ਅਤੇ ਰਾਤ ਨੂੰ ਗਸ਼ਤ ਕਰਨ ਸਮੇਂ ਇਮਾਰਤਾਂ ਦੇ ਨਾਲ ਨਾਲ ਚਲੋ।
- ਬੈਟਰੀ ਦੀ ਵਰਤੋਂ ਘੱਟ ਕਰੋ। ਇਹ ਵਸਤੂਆਂ ਨੂੰ ਦੇਖਣ ਲਈ ਵਰਤੋਂ ਅਤੇ ਲਗਾਤਾਰ ਰਸਤਾ ਦੇਖਣ ਲਈ ਬੈਟਰੀ ਦੀ ਵਰਤੋਂ ਬਿਲਕੁਲ ਨਾ ਕਰੋ।
- ਸ਼ੀਸ਼ੇ ਦੀਆਂ ਖਿੜਕੀਆਂ ਤੋਂ ਦੂਰ ਰਹੋ ਅਤੇ ਇਸ ਦੇ ਨਾਲ ਹੀ ਕੰਡਿਆਂ ਵਾਲੀ ਤਾਰ ਜਾਂ ਕੰਡਿਆਲੀ ਵਾੜ ਅਤੇ ਰੋਕਾਂ ਤੋਂ ਬਚ ਕੇ ਰਹੋ।
- ਗਸ਼ਤ ਕਰਨ ਵੇਲੇ ਗੱਲਾਂ ਨਾ ਕਰੋ।

(ਅ) ਰੋਕਣ ਦੀ ਸਮੱਰਥਾ **(Deterrence)** : ਮੌਕੇ ਤੇ ਹਾਜ਼ਰ ਰਹਿਣ ਦਾ ਅਰਥ ਹੈ ਅਪਰਾਧ ਨੂੰ ਰੋਕਣਾ, ਇਸ ਲਈ ਮੌਕੇ ਤੇ ਹਾਜਰ ਰਹੋ। ਜੇ ਤੁਸੀਂ ਦਿਨ ਵਾਲੀ ਗਸ਼ਤ ਦੀ ਡਿਊਟੀ ’ਤੇ ਹੋ ਤਾਂ ਕਿਸੇ ਕੋਨੇ ਵਿੱਚ ਨਾ ਬੈਠੋ ਸਗੋਂ ਅਜਿਹੀ ਜਗਾ ਤੇ ਬੈਠੋ ਜਿੱਥੇ ਸਾਰੇ ਤੁਹਾਨੂੰ ਦੇਖ ਸਕਣ।

(ੲ) ਨਜਰਸਾਨੀ **(Observation)**: ਇਕ ਵਧੀਆ ਨਜ਼ਰ ਰੱਖਣ ਵਾਲਾ ਵਿਅਕਤੀ ਬਣੋ ਅਤੇ ਵੱਖਰੀਆਂ ਚੀਜਾਂ ਵੱਲ ਖਾਸ ਧਿਆਨ ਦਿਓ। ਬੁਰਕੇ ਵਿਚ ਲੰਬੇ ਕੱਦ ਵਾਲਾ ਅਤੇ ਵੱਖਰੀ ਚਾਲ ਵਾਲਾ ਵਿਅਕਤੀ ਆਦਮੀ ਵੀ ਹੋ ਸਕਦਾ ਹੈ। ਕਿਸੇ ਖੁਲ੍ਹੇ ਹੋਏ ਲਟਕਦੇ ਤਾਲੇ ਦਾ ਮਤਲਬ ਚੋਰੀ ਵੀ ਹੋ ਸਕਦਾ ਹੈ। ਕਾਰਾਂ ਰੱਖਣ ਵਾਲੀ ਜਗ੍ਹਾ ਤੇ ਸਾਰੀਆਂ ਕਾਰਾਂ ਨੂੰ ਧਿਆਨ ਨਾਲ ਦੇਖਣ ਵਾਲਾ ਵਿਅਕਤੀ ਚੋਰੀ ਦੀ ਯੋਜਨਾ ਬਣਾਉਣ ਵਾਲਾ ਵੀ ਹੋ ਸਕਦਾ ਹੈ।

(ਸ) ਮਿੱਤਰਾਂ ਦੀ ਜੋੜੀ : ਸੁਰੱਖਿਆ, ਰਾਖੀ ਅਤੇ ਆਸਾਨ ਤਰੀਕੇ ਲਈ, ਗਸ਼ਤ ਕਰਨ ਵਾਲੀਆਂ ਗਤੀਵਿਧੀਆਂ ਮਿੱਤਰਾਂ ਦੀ ਜੋੜੀ ਜਾਂ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਵਿਅਕਤੀਆਂ ਦੀ ਟੋਲੀ ਵਿੱਚ ਕਰਨੀਆਂ ਚਾਹੀਦੀਆਂ ਹਨ। ਟੀਮ ਨੂੰ ਇਕ ਦੂਸਰੇ ਦੀ ਰੱਖਿਆ ਕਰਨੀ ਚਾਹੀਦੀ ਹੈ ਅਤੇ ਇਕ ਦੂਜੇ ਦਾ ਭਾਰ ਅਤੇ ਟੀਚਿਆਂ ਦੀ ਵੰਡ ਕਰ ਲੈਣੀ ਚਾਹੀਦੀ ਹੈ।

(ਹ) ਹਰ ਵਾਰਦਾਤ ਦਰਜ਼ ਕਰਨਾ **(Make Notes)**: ਤੁਹਾਨੂੰ ਅਸਾਧਾਰਨ ਜਾਂ ਸ਼ੱਕੀ ਗਤੀਵਿਧੀਆਂ ਅਤੇ ਵਾਰਦਾਤਾਂ ਨੂੰ ਨਤੀਜੇ ਕੱਢਣ ਲਈ ਅਤੇ ਭਵਿੱਖ ਵਿਚ ਕੰਮ ਆਉਣ ਵਾਲੇ ਚੰਗੇ ਸਰੋਤਾਂ ਵੱਜੋਂ ਨੋਟ ਕਰਨਾ ਚਾਹੀਦਾ ਹੈ।ਆਪਣੇ ਸੋਚੇ ਹੋਏ ਨਤੀਜਿਆਂ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰੋ।

(ਕ) ਗਿਆਨ ਜਾਂ ਜਾਣ-ਪਛਾਣ **(Familiarization)**: ਰਾਤ ਨੂੰ ਗਸ਼ਤ ਕਰਨ ਵਾਲੀ ਪਾਰਟੀ ਲਈ ਇਹ ਬਹੁਤ ਵਧੀਆ ਗੱਲ ਹੈ ਕਿਦਿਨ ਵਿਚ ਉਹ ਇਲਾਕੇ ਬਾਰੇ ਜਾਣ ਪਛਾਣ ਕਰੇ।ਉਨ੍ਹਾਂ ਅੰਤਰਾਂ ਨੂੰ ਨੋਟ ਕਰੇ ਕਿ ਜੇ ਕੋਈ ਹੈ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਅਪਰਾਧ ਬਾਰੇ ਪਤਾ ਲਗ ਜਾਵੇਗਾ।

(ਖ) ਸੁਰੱਖਿਆ ਦੀਆਂ ਕਮੀਆਂ **(Security Breaches)**: ਸੁਰੱਖਿਆ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਵਿਸ਼ੇਸ਼ ਸੂਚਕਾਂ ਵਲ ਧਿਆਨ ਦਿਓ ਜਿਵੇਂ

- x ਟੁੱਟੇ ਹੋਏ ਤਾਲੇ, ਦਰਵਾਜ਼ੇ ਅਤੇ ਟੁਟੀਆਂ ਹੋਈਆਂ ਖਿੜਕੀਆਂ।
- x ਕਿਸੇ ਅਸਧਾਰਨ ਜਾਂ ਦਫਤਰ ਦੇ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿੱਚ ਦਫਤਰ ਦੀਆਂ ਲਾਈਟਾ ਜਗਦੀਆਂ ਹੋਣਾ।
- x ਕਿਸੇ ਅਸਾਧਾਰਨ ਸਮੇਂ ਤੇ ਅਸਾਧਰਨ ਹਰਕਤ

(ਗ) ਸ਼ੱਕੀ ਵਿਅਕਤੀ ਤੱਕ ਪਹੁੰਚ ਕਰਨਾ ਜਾਂ ਸ਼ੱਕੀ ਵਿਅਕਤੀ ਨੂੰ ਮਿਲਣਾ **(Approaching a Suspect)**: ਗਸ਼ਤ ਹਮੇਸ਼ਾ ਜੋੜਿਆਂ ਜਾਂ ਟੀਮ ਦੇ ਰੂਪ ਵਿਚ ਕਰਨੀ ਚਾਹੀਦੀ ਹੈ। ਕਿਸੇ ਸਥਿਤੀ ਵਿੱਚ, ਸ਼ੱਕੀ ਵਿਅਕਤੀ ਨੂੰ ਇਕੱਲੇ ਨ ਮਿਲੋ। ਜੇ ਤੁਸੀਂ ਇਕੱਲੇ ਹੀ ਸ਼ੱਕੀ ਵਿਅਕਤੀ ਨੂੰ ਦੇਖ ਲੈਂਦੇ ਹੋ ਤਾਂ ਥੋੜੀ ਦੂਰੀ ਤੇ ਰਹਿ ਕੇ ਉਸ ਦਾ ਪਿੱਛਾ ਕਰੋ ਅਤੇ ਆਪਣੇ ਦੋਸਤ ਜਾਂ ਸਾਥੀ ਸੁਰੱਖਿਆ ਕਰਮਚਾਰੀ ਨੂੰ ਮਦਦ ਲਈ ਬੁਲਾਓ। ਜਦੋਂ ਤੁਹਾਨੂੰ ਮੱਦਦ ਮਿਲ ਜਾਵੇ ਤਾਂ ਸ਼ੱਕੀ ਵਿਅਕਤੀ ਕੋਲ ਜਾਓ।

(ਘ) ਧੀਰਜਵਾਨ ਬਣੋ ਜਾਂ ਸੋਚ ਵਿਚਾਰ ਕੇ ਕੰਮ ਕਰੋ **(Be Deliberate) :** ਗਸ਼ਤ, ਇਕ ਬਹੁਤ ਹੀ ਸੋਚ ਸਮਝ ਕੇ ਕਰਨ ਵਾਲੀ ਵਿਸ਼ੇਸ਼ ਗਤੀਵਿਧੀ ਹੈ। ਕਦੇ ਵੀ ਕਾਹਲੀ ਨਾ ਕਰੋ ਅਤੇ ਆਰਾਮ ਨਾਲ ਸਮੇਂ ਅਨੁਸਾਰ ਤਸੱਲੀ ਨਾਲ ਕਾਰਵਾਈ ਕਰੋ। ਜੇ ਤੁਸੀਂ ਘਟਨਾ ਹੋਣ ਦੀ ਸੰਭਾਵਨਾ ਦੇਖ ਰਹੇ ਹੋ ਤਾਂ ਸਥਿਤੀ ਨੂੰ ਨੋਟ ਕਰੋ ਅਤੇ ਇੰਤਜ਼ਾਰ ਕਰੋ। ਮੌਕੇ ਅਨੁਸਾਰ ਵਾਰਦਾਤ ਨੂੰ ਰੋਕਣ ਅਤੇ ਸੁਰੱਖਿਆਤਮਕ ਕਦਮ ਉਠਾਓ।

ਗਸ਼ਤ ਦੀ ਤਿਆਰੀ ਅਤੇ ਗਸ਼ਤ ਕਰਨ ਲਈ ਇਹ ਕੁਝ ਨੁਕਤੇ ਹਨ, ਜਿਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ।ਅਭਿਆਸ, ਸਿਖਲਾਈ ਅਤੇ ਤਿਆਰੀਆਂ ਗਸ਼ਤ ਦੇ ਦੌਰਾਨ ਸੁਰੱਖਿਆ ਕਰਮਚਾਰਆਂ ਨੂੰ ਆਪਣੇ ਹੁਨਰ ਨੂੰ ਹੋਰ ਵੀ ਨਿਖਾਰਨ ਵਿਚ ਮਦਦ ਕਰਦੀਆਂ ਹਨ। ਇਸ ਤੋਂ ਇਲਾਵਾ ਤੁਹਾਨੂੰ ਆਪਣੇ ਹੁਨਰ ਅਤੇ ਅਕਲ ਦੀ ਵਰਤੋਂ ਸਥਿਤੀ ਨੂੰ ਧਿਆਨ ਵਿਚ ਰਖ ਕੇ ਕਰਨੀ ਪੈਂਦੀ ਹੈ। ਉਦਾਹਰਣ ਵੱਜੋਂ, ਇਹ ਸਿਖਾਇਆ ਜਾਂਦਾ ਹੈ ਕਿ ਗਸ਼ਤ ਕਰਦੇ ਸਮੇਂ ਬਿਲਕੁਲ ਰੌਲਾ ਨਹੀਂ ਪਾਉਣਾ ਚਾਹੀਦਾ ਪਰ ਕਈ ਗਸ਼ਤਾਂ ਵਿੱਚ ਤਾਂ ਜਿਆਦਾ ਰੌਲੇ ਰੱਪੇ ਦੀ ਜਰੂਰਤ ਪੈਂਦੀ ਹੈ। ਜਿਵੇਂ ਬੀਟ ਗਸ਼ਤ ਵਿੱਚ। ਬੀਟ ਵਾਲੇ ਸੀਟੀ ਵਜਾਉਂਦੇ ਹਨ ਅਤੇ ਅਪਰਾਧੀਆਂ ਨੂੰ ਸਾਵਧਾਨ ਕਰਨ ਲਈ ਅਤੇ ਅਪਰਾਧ ਤੋਂ ਰੋਕਣ ਲਈ ਡੰਡਾ ਵੀ ਖੜਕਾਉਂਦੇ ਹਨ।

## ਅਭਿਆਸ EXERCISE

### ਦਿਤਾ ਗਿਆ ਕੰਮ **Assignment**

ਆਪਣੇ ਸਕੂਲ ਦੇ ਨਕਸ਼ੇ ਬਾਰੇ ਅਤੇ ਉਸ ਦੀਆਂ ਸੁਰੱਖਿਆ ਸੰਬੰਧੀ ਜ਼ਰੂਰਤਾਂ ਨੂੰ ਸਮਝੋ।ਆਪਣੇ ਅਧਿਆਪਕ ਨਾਲ ਇਸ ਦੇ ਸੰਬੰਧ ਵਿਚ ਵਿਚਾਰ ਵਟਾਂਦਰਾ ਕਰੋ ਅਤੇ ਸਕੂਲ ਦੇ ਅਹਾਤੇ ਦੀ ਸਕੂਲ ਟਾਇਮ ਤੋਂ ਬਾਅਦ ਦੀ ਸੁਰੱਖਿਆ ਲਈ ਗਸ਼ਤ ਸੰਬੰਧੀ ਯੋਜਨਾ ਬਣਾਓ। ਇਸ ਗਸ਼ਤ ਦੇ ਹੇਠ ਲਿਖੇ ਪ੍ਰਮੁੱਖ ਵਿਸ਼ੇ ਹੋਣੇ

(ੳ) ਉਦੇਸ਼
(ਅ) ਕੰਮ ਜਾਂ ਟੀਚੇ
(ੲ) ਹਰ ਰੋਜ ਦਾ ਕੰਮ

- ਕੰਮ ਕਰਨ ਦੇ ਦਿਨ ਜਾਂ ਡਿਊਟੀ : ਦਿਨ-ਰਾਤ
- ਛੁਟੀਆਂ : ਦਿਨ-ਰਾਤ

(ਸ) ਗਸ਼ਤ ਦਾ ਰੂਟ ਜਾਂ ਤੈਅਸ਼ੁਦਾ ਰਸਤਾ
(ਹ) ਗਸ਼ਤ ਪਾਰਟੀ ਦੀ ਰੂਪ-ਰੇਖਾ ਅਤੇ ਨਾਲ ਲੈ ਕੇ ਜਾਣ ਵਾਲਾ ਸਾਮਾਨ

______________________________
______________________________
______________________________
______________________________
______________________________
______________________________

## ਮੁਲਾਂਕਣ ASSESSMENT

### ਛੋਟੇ ਜਵਾਬਾਂ ਵਾਲੇ ਪ੍ਰਸ਼ਨ **Short Answer Questions**



ਪ੍ਰਸ਼ਨ ਨੰ :1 ਨਿੱਜੀ ਸੁਰੱਖਿਆ ਦੇ ਖੇਤਰ ਵਿੱਚ ਇੱਕ ਗਸ਼ਤ ਕਰਨ ਵਾਲੀ ਪਾਰਟੀ ਨੂੰ ਕੀ-ਕੀ ਕੰਮ ਦਿੱਤੇ ਜਾ ਸਕਦੇ ਹਨ ?

______________________________
______________________________
______________________________
______________________________

ਪ੍ਰਸ਼ਨ ਨੰ : 2 ਪੰਜ ਅਜਿਹੇ ਕਦਮਾਂ ਦੀ ਸੂਚੀ ਬਣਾਓ, ਜੋ ਗਸ਼ਤ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹਨ।

______________________________
______________________________
______________________________
______________________________

ਪ੍ਰਸ਼ਨ ਨੰ : 3 ਸੁਰੱਖਿਆ ਵਿਚ ਕਮੀਆਂ ਸੰਬੰਧੀ ਤਿੰਨ ਸੂਚਕਾਂ ਦੀ ਸੂਚੀ ਬਣਾਉ।

## ਮੁਲਾਂਕਣ ਲਈ ਦਸਤਾਵੇਜ਼ਾਂ ਦੀ ਸੂਚੀ
## CHECKLIST FOR ASSESSMENT ACTIVITY

ਹੇਠ ਲਿਖੇ ਦਸਤਾਵੇਜ਼ਾਂ ਦੀ ਸੂਚੀ ਦੀ ਵਰਤੋਂ ਕਰੋ ਤਾਂ ਕਿ ਮੁਲਾਂਕਣ ਸੰਬੰਧੀ ਸਾਰੀਆਂ ਜਰੂਰਤਾਂ ਪੂਰੀਆਂ ਹੋ ਸਕਣ।

(ਭਾਗ ੳ) **Part A**

ਹੇਠ ਲਿਖੇ ਵਿੱਚ ਅੰਤਰ ਦਰਸਾਇਆ ਗਿਆ :

(ੳ) ਗਸ਼ਤ ਦਾ ਉਦੇਸ਼ ਅਤੇ ਉਸ ਦੇ ਟੀਚੇ ਸੰਬੰਧੀ

(ਅ) ਗਸ਼ਤ ਸੰਬੰਧੀ ਹੁਕਮ ਅਤੇ ਗਸ਼ਤ ਦੀ ਯੋਜਨਾ

**(ਭਾਗ ਅ) Part B**

ਹੇਠ ਲਿਖੇ ਵਿੱਚ ਅੰਤਰ ਦਰਸਾਇਆ ਗਿਆ :

(ੳ) ਗਸ਼ਤ ਕਰਨ ਤੋਂ ਪਹਿਲਾਂ ਕਿਨਾਂ-ਕਿਨਾਂ ਤਿਆਰੀਆਂ ਦੀ ਜਰੂਰਤ ਪੈਂਦੀ ਹੈ।

(ਅ) ਗਸ਼ਤ ਕਰਨ ਲਈ ਕਿਹੜੇ-ਕਿਹੜੇ ਸਾਮਾਨ ਦੀ ਜਰੂਰਤ ਹੁੰਦੀ ਹੈ ?

(ੲ) ਗਸ਼ਤ ਵਿਚ ਸੁਰੱਖਿਆ ਸੰਬੰਧੀ ਕੀ-ਕੀ ਕਦਮ ਉਠਾਏ ਜਾਂਦੇ ਹਨ।

**ਭਾਗ ੲ Part C**

ਕੰਮ ਦੇ ਪੱਧਰਾਂ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ ਪਰ ਇਥੋਂ ਤਕ ਸੀਮਿਤ ਨਹੀਂ

ਕੰਮ ਦੇ ਪੱਧਰ **Performance standards**

| ਕੰਮ ਦੇ ਪੱਧਰ **Performance standards** | ਹਾਂ **Yes** | ਨਹੀਂ **No** |
|---|---|---|
| ਗਸ਼ਤ ਕਰਦੇ ਹੋਏ ਉਠਾਏ ਜਾਣ ਵਾਲੇ ਕਦਮਾਂ ਬਾਰੇ ਦਸੋ। | | |

## ਕਾਰਜਕਾਲ 3 : ਗਸ਼ਤ ਕਰਨ ਵਾਲੀ ਟੀਮ ਦੀ ਜ਼ਿੰਮੇਵਾਰੀ ਅਤੇ ਅਧਿਕਾਰ
## RESPONSIBILITY AUTHORITY OF PATROLLING TEAM

### ਢੁੱਕਵਾਂ ਗਿਆਨ : RELEVANT KNOWLEDGE

ਪਹਿਲੇ ਪਾਠਾਂ ਵਿਚ ਅਸੀਂ ਕਈ ਪ੍ਰਕਾਰ ਦੀਆਂ ਗਸ਼ਤਾਂ ਅਤੇ ਉਨ੍ਹਾਂ ਨੂੰ ਕਿਵੇਂ ਕਰਨਾ ਹੈ, ਬਾਰੇ ਸਿਖਿੱਆ ਹੈ। ਤੁਸੀਂ ਮਹਿਸੂਸ ਕੀਤਾ ਹੋਵੇਗਾ ਕਿ ਜ਼ਿੰਦਗੀ ਦੀਆਂ ਹੋਰ ਗਤੀਵਿਧੀਆਂ ਵਾਂਗ ਗਸ਼ਤ ਕਿਸੇ ਵਿਸ਼ੇਸ਼ ਉਦੇਸ਼ ਲਈ ਕੀਤੀ ਜਾਂਦੀ ਹੈ। ਪਹਿਲੇ ਅਧਿਆਇ ਵਿਚ, ਅਸੀਂ ਆਪਣੇ ਆਪ ਨੂੰ ਇੰਨਾ ਹੀ ਕਹਿਣ ਤਕ ਸੀਮਿਤ ਕੀਤਾ ਹੈ ਕਿ ਨਿੱਜੀ ਸੁਰੱਖਿਆ ਦਾ ਮੁੱਖ ਉਦੇਸ਼ ਅਦਾਰਿਆਂ ਦੇ ਅਹਾਤਿਆਂ ਦੀ ਸੁਰੱਖਿਆ ਕਰਨਾ ਹੈ, ਪਰ ਹੁਣ ਤੁਸੀਂ ਮਹਿਸੂਸ ਕੀਤਾ ਹੋਵੇਗਾ ਕਿ ਗਸ਼ਤ ਸੁਰੱਖਿਆ ਸੰਬੰਧੀ ਇਕ ਕਾਰਵਾਈ ਹੈ, ਜੋ ਹੋਰ ਵੀ ਕਈ ਉਦੇਸ਼ਾਂ ਦੀ ਪੂਰਤੀ ਕਰ ਸਕਦੀ ਹੈ। ਆਓ ਅਗਲੇ ਪੱਧਰ ਵਲ ਵਧੀਏ ਅਤੇ ਕੁਝ ਹੋਰ ਉਦੇਸ਼ਾਂ ਨੂੰ ਧਿਆਨ ਵਿਚ ਰੱਖੀਏ। ਇਹ ਹੋ ਸਕਦੇ ਹਨ :

- ਅਦਾਰੇ ਦੀ ਜਾਇਦਾਦ ਦੇ ਵਿਰੁੱਧ ਕੀਤੇ ਜਾਣ ਵਾਲੇ ਅਪਰਾਧਾਂ ਨੂੰ ਰੋਕਣਾ।
- ਸੁਰੱਖਿਆ ਸੰਬੰਧੀ ਕਾਰਵਾਈਆਂ ਵਿਚ ਕਮੀਆਂ ਦਾ ਪਤਾ ਕਰਨਾ , ਰੋਕਣਾ ਅਤੇ ਕਾਰਵਾਈ ਕਰਨਾ।
- ਅਪਰਾਧ ਅਤੇ ਅਪਰਾਧੀਆਂ ਸੰਬੰਧੀ ਸੂਚਨਾ ਪ੍ਰਾਪਤ ਕਰਨਾ।
- ਅੱਗ ਅਤੇ ਹੋਰ ਉਦਯੋਗਿਕ ਘਟਨਾਵਾਂ ਨੂੰ ਰੋਕਣਾ।
- ਸੁਰੱਖਿਆ ਸੰਬੰਧੀ ਕਾਰਵਾਈਆਂ ਦਾ ਜਾਇਜ਼ਾ ਲੈਣਾ ਅਤੇ ਉਨ੍ਹਾਂ ਨੂੰ ਲਾਗੂ ਕਰਨਾ।
- 

ਕੀ ਤੁਸੀਂ ਦੇਖਿਆ ਹੈ ਕਿ ਗਸ਼ਤ ਦੇ ਉਪਰੋਕਤ ਉਦੇਸ਼ਾਂ ਨੂੰ ਦੇਖਦੇ ਹੋਏ ਅਦਾਰੇ ਦੇ ਪ੍ਰਬੰਧਕ ਜਾਂ ਗਸ਼ਤ ਕਰਨ ਦੇ ਹੁਕਮ ਦੇਣ ਵਾਲਾ ਅਧਿਕਾਰੀ, ਗਸ਼ਤ ਪਾਰਟੀ ਤੋਂ ਸੂਚਨਾ ਪ੍ਰਾਪਤ ਕਰਦਾ ਹੈ। ਉਦਾਹਰਣ ਵਜੋਂ , ਜੇ ਕੰਪਨੀ ਨੇ ਜਾਇਦਾਦ ਸੰਬੰਧੀ ਅਪਰਾਧਾਂ ਦਾ ਪਤਾ ਕਰਨਾ ਹੈ ਤਾਂ ਕੰਪਨੀ ਉਨ੍ਹਾਂ ਵਿਅਕਤੀਆਂ ਅਤੇ ਗਤੀਵਿਧੀਆਂ ਸੰਬੰਧੀ ਜਾਣਕਾਰੀ ਮੰਗੇਗੀ ਜੋ ਜਾਇਦਾਦ ਨੂੰ ਨੁਕਸਾਨ ਪਹੁੰਚਾ ਰਹੇ ਹਨ। ਇਸੇ ਪ੍ਰਕਾਰ, ਗਸ਼ਤ (ਅੱਗ ਲਗਣ ਤੋਂ ਰੋਕਣ ਵਾਲੀ) ਉਨਾਂ ਸਥਾਨਾਂ ਬਾਰੇ ਜਾਣਕਾਰੀ ਦੇ ਸਕਦੀ ਹੈ, ਜਿਥੇ ਸ਼ੌਟ ਸਰਕਟ ਹੋ ਸਕਦਾ ਹੈ ਜਾਂ ਜਲਣ ਯੋਗ ਖ਼ਤਰਨਾਕ ਚੀਜ਼ਾਂ ਰੱਖੀਆਂ ਹੋਈਆਂ ਹਨ।

ਇਹ ਸੂਚਨਾ ਉਨ੍ਹਾਂ ਰਿਪੋਰਟਾਂ ਵਿਚ ਸ਼ਾਮਲ ਕੀਤੀ ਜਾਂਦੀ ਹੈ, ਜੋ ਗਸ਼ਤ ਪਾਰਟੀ ਤਿਆਰ ਕਰਦੀ ਹੈ। ਕਿਸੇ ਹੰਗਾਮੀ ਹਾਲਤ ਬਾਰੇ ਗਸ਼ਤ ਪਾਰਟੀ ਜ਼ੁਬਾਨੀ ਰਿਪੋਰਟ ਦੇ ਸਕਦੀ ਹੈ।ਪਰ ਲਿਖਿਤ ਰਿਪੋਰਟ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਰਿਪੋਰਟ ਕਰਨਾ ਜਾਂ ਸੂਚਨਾ ਦੇਣਾ **Reporting**

ਰਿਪੋਰਟਿੰਗ ਦਾ ਅਰਥ ਜ਼ਰੂਰੀ ਕਾਰਵਾਈ ਲਈ ਸਮੱਰਥ ਅਧਿਕਾਰੀ ਨੂੰ ਸੂਚਨਾ ਦੇਣੀ ਚਾਹੀਦੀ ਹੈ। ਆਮ ਤੌਰ ਤੇ ਸਮੱਰਥ ਅਧਿਕਾਰੀ ਗਸ਼ਤ ਪਾਰਟੀ ਨੂੰ ਚੰਗੀ ਤਰ੍ਹਾਂ ਸਮਝਾਉਦਾ ਹੈ, ਜਿਸ ਤੋਂ ਬਾਅਦ ਇਕ ਵਿਸਥਾਰ ਸਹਿਤ ਰਿਪੋਰਟ ਜਮ੍ਹਾਂ ਕਰਵਾਈ ਜਾਂਦੀ ਹੈ। ਗਸ਼ਤ ਦੀ ਰਿਪੋਰਟ ਬਾਰੇ ਰੂਪ-ਰੇਖਾ ਟੇਬਲ 1 ਵਿਚ ਦਿੱਤੀ ਗਈ ਹੈ।

ਗਸ਼ਤ ਪਾਰਟੀ ਦੇ ਨੇਤਾ ਨੂੰ ਗਸ਼ਤ ਦੇ ਉਦੇਸ਼ ਨੂੰ ਸਪੱਸ਼ਟ ਰੂਪ ਵਿਚ ਸਮਝਣਾ ਚਾਹੀਦਾ ਹੈ ਅਤੇ ਆਪਣੀ ਰਿਪੋਰਟ ਵਿੱਚ ਸਾਰੀਆਂ ਵਾਰਦਾਤਾਂ ਅਤੇ ਨਜ਼ਰਸਾਨੀ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਕਿ ਗਸ਼ਤ ਦੇ ਉਦੇਸ਼ ਨੂੰ ਪੂਰਾ ਕਰਨ ਵਿਚ ਮਦਦ ਮਿਲੇ। ਖ਼ਾਸ ਉਦੇਸ਼ਾਂ ਨੂੰ ਪੂਰਾ ਕਰਨ ਲਈ ਵੱਖਰੀ ਤਰ੍ਹਾਂ ਦੇ ਰਿਪੋਰਟਿੰਗ ਫਾਰਮ ਤਿਆਰ ਕੀਤੇ ਜਾ ਸਕਦੇ ਹਨ। ਵਿਸ਼ੇਸ਼ ਤੌਰ ਤੇ ਤਕਨੀਕੀ ਗਸ਼ਤਾਂ ਲਈ ਵੱਖਰੇ ਰਿਪੋਰਟਿੰਗ ਫਾਰਮਾਂ ਦੀ ਲੋੜ ਹੈ ਕਿਉਂਕਿ ਉਨਾਂ ਵਿੱਚ ਵਿਸ਼ੇਸ਼ ਨਿਰੀਖਣ ਦੀ ਡਿਟੇਲ ਵੀ ਦਰਜ ਕਰਨੀ ਹੁੰਦੀ ਹੈ।

## ਗਸ਼ਤ ਕਰਨ ਵਾਲੀ ਪਾਰਟੀ ਦੀ ਜ਼ਿੰਮੇਵਾਰੀ ਅਤੇ ਸੀਮਾਵਾਂ

**Responsibility and Limits of Authority of Patrolling Team**

ਗਸ਼ਤ ਅਤੇ ਇਸ ਦੇ ਅਨੁਸਾਰ ਕੀਤੀ ਜਾਣ ਵਾਲੀ ਇਮਾਨਦਾਰੀ ਸਹਿਤ ਰਿਪੋਰਟ, ਇਕ ਉਹ ਗਤੀਵਿਧੀ ਹੈ, ਜਿਸ ਉਤੇ ਹੋਰ ਬਹੁਤ ਗਤੀਵਿਧੀਆਂ ਨਿਰਭਰ ਕਰਦੀਆਂ ਹਨ। ਗਸ਼ਤ ਕਰਨਾ ਅਤੇ ਇਸ ਨਾਲ ਜੁੜੇ ਹੋਏ ਬਹੁਤ ਸਾਰੇ ਕੰਮਾਂ ਵਿੱਚ ਅਸਫ਼ਲ ਰਹਿਣਾ ਬਹੁਤ ਹੀ ਗੰਭੀਰ ਵਿਵਸਾਇਕ ਗਲਤੀਆਂ ਸਮਝੀਆਂ ਜਾਂਦੀਆਂ ਹਨ। ਇਸ ਲਈ ਇਹ ਮਹੱਤਵਪੂਰਨ ਹੈ ਕਿ ਸੁਰੱਖਿਆ ਕਰਮਚਾਰੀ ਆਪਣੀਆਂ ਸੰਬੰਧਿਤ ਜ਼ਿੰਮੇਵਾਰੀਆਂ ਬਾਰੇ ਜਾਣਦੇ ਹਨ, ਜੋ ਹੇਠ ਲਿਖੀਆਂ ਹਨ :

- ਜਦੋਂ ਹੁਕਮ ਕੀਤਾ ਜਾਵੇ ਤਾਂ ਗਸ਼ਤ ਕਰੋ ਅਤੇ ਵਿਸ਼ੇਸ਼ ਹਦਾਇਤਾਂ ਦੀ ਪਾਲਣਾ ਕਰੋ, ਜੋ ਵਿਸ਼ੇਸ਼ ਸਮੇਂ ਤੇ ਦਿੱਤੀਆਂ ਜਾਂਦੀਆਂ ਹਨ ਜਿਵੇਂ ਰਿਪੋਰਟਿੰਗ ਕਰਨਾ, ਨਜ਼ਰਸਾਨੀ ਜਾਂ ਰੋਕਾਂ ਆਦਿ।
- ਗਸ਼ਤ ਸਮੇਂ ਸ਼ਰਾਬ ਜਾ ਹੋਰ ਨਸ਼ੀਲੀਆਂ ਵਸਤਾਂ ਦਾ ਸੇਵਨ ਨਾ ਕਰੋ ਅਤੇ ਗਸ਼ਤ ਸਮੇਂ ਨਾ ਸੋਵੋ।
- ਗਸ਼ਤ ਤੋਂ ਇਧਰ ਉਧਰ ਨ ਭਟਕੋ ਅਤੇ ਸਮੱਰਥ ਅਧਿਕਾਰੀ ਦੀ ਢੁੱਕਵੀਂ ਸਿਫਾਰਿਸ਼ ਤੋਂ ਬਿਨਾਂ ਹੋਰ ਸਥਾਨਾਂ ਤੇ ਬਿਲਕੁਲ ਨਾ ਜਾਉ।
- ਇਹ ਯਕੀਨੀ ਬਣਾਉ ਕਿ ਰਿਪੋਰਟਾਂ ਬਿਲਕੁਲ ਠੀਕ ਅਤੇ ਇਮਾਨਦਾਰੀ ਨਾਲ ਤਿਆਰ ਕੀਤੀਆਂ ਗਈਆਂ ਹਨ ਅਤੇ ਸਮੇਂ ਸਿਰ ਜਮ੍ਹਾਂ ਕਰਵਾਈਆਂ ਹਨ।

ਨਿੱਜੀ ਸੁਰੱਖਿਆ ਕਰਮਚਾਰੀਆਂ ਨੂੰ ਗਸ਼ਤ ਕਰਦੇ ਸਮੇਂ ਬਹੁਤ ਸਾਰੀਆਂ ਅਪਰਾਧਕ ਗਤੀਵਿਧੀਆਂ ਦਾ ਮੁਕਾਬਲਾ ਕਰਨਾ ਪੈਂਦਾ ਹੈ। ਉਹ ਪੁਲਿਸ ਵਾਲੇ ਨਹੀਂ ਹਨ ਅਤੇ ਉਨ੍ਹਾਂ ਕੋਲ ਸੀਮਿਤ ਸ਼ਕਤੀਆਂ ਹਨ ਅਤੇ ਉਨ੍ਹਾਂ ਨੂੰ ਕਿਸੇ ਵੀ ਕੀਮਤ ਤੇ ਆਪਣੀ ਸਮੱਰਥਾ ਤੋਂ ਬਾਹਰ ਨਹੀਂ ਜਾਣਾ ਚਾਹੀਦਾ। ਜਨਤਾ ਨਾਲ ਸੰਪਰਕ ਕਰਦੇ ਹੋਏ, ਸੁਰੱਖਿਆ ਕਰਮਚਾਰੀਆਂ ਨੂੰ ਹਮੇਸ਼ਾ ਕਾਨੂੰਨ ਅਤੇ ਤੈਅ ਸ਼ੁਦਾ ਹਦਾਇਤਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਇਕ ਦਮ ਆਪਣੇ ਅਫ਼ਸਰਾਂ ਨੂੰ ਸੂਚਿਤ ਕਰਨਾ ਚਾਹੀਦਾ ਹੈ ਅਤੇ ਪੁਲਿਸ ਨੂੰ ਬੁਲਾ ਲੈਣਾ ਚਾਹੀਦਾ ਹੈ, ਜਿਸ ਦੀ ਜ਼ਿੰਮੇਵਾਰੀ ਕਾਨੂੰਨ ਨੂੰ ਲਾਗੂ ਕਰਨਾ ਹੈ।

## ਅਭਿਆਸ EXERCISE

**1.** ਸਕੂਲ ਵਿੱਚ ਗਸ਼ਤ ਕਰੋ ਅਤੇ ਗਸ਼ਤ ਦੀ ਰਿਪੋਰਟ ਤਿਆਰ ਕਰੋ।

## ਮੁਲਾਂਕਣ ਲਈ ASSESSMENT

ਮੁਲਾਂਕਣ ਲਈ ਛੋਟੇ ਉੱਤਰਾਂ ਵਾਲੇ ਪ੍ਰਸ਼ਨ **Short Answer Questions**



1. ਅਲੱਗ ਅਲੱਗ ਉਦੇਸ਼ਾਂ ਦੀ ਸੂਚੀ ਬਣਾਉ, ਜਿਨ੍ਹਾਂ ਦੇ ਕਾਰਨ ਗਸ਼ਤ ਦੀ ਜਰੂਰਤ ਪੈ ਸਕਦੀ ਹੈ ?

2. ਰਿਪੋਰਟਿੰਗ ਜਾਂ ਵਿਸਤਾਰ ਸਹਿਤ ਗਤੀਵਿਧੀਆਂ ਬਾਰੇ ਆਪਣੇ ਅਫਸਰਾਂ ਨੂੰ ਦੱਸਣਾ ਤੋਂ ਤੁਸੀਂ ਕੀ ਸਮਝਦੇ ਹੋ ?

ਪ੍ਰਸ਼ਨ 3 : ਗਸ਼ਤ ਕਰਨ ਦੇ ਦੌਰਾਨ ਸੁਰੱਖਿਆ ਕਰਮਚਾਰੀਆਂ ਦੀਆਂ ਕਿਹੜੀਆਂ-ਕਿਹੜੀਆਂ ਜਿੰਮੇਵਾਰੀਆਂ ਹਨ ?

______________________________________________

______________________________________________

______________________________________________

______________________________________________

______________________________________________

______________________________________________

## ਮੁਲਾਂਕਣ ਲਈ ਦਸਤਾਵੇਜ਼ਾਂ ਦੀ ਸੁਚੀ CHECKLIST FOR ASSESSMENT ACTIVITY

ਹੇਠ ਲਿਖੇ ਦਸਤਾਵੇਜ਼ਾਂ ਦੀ ਸੂਚੀ ਦੀ ਵਰਤੋਂ ਕਰੋ ਤਾਂ ਕਿ ਮੁਲਾਂਕਣ ਸੰਬੰਧੀ ਸਾਰੀਆਂ ਜ਼ਰੂਰਤਾਂ ਪੂਰੀਆਂ ਹੋ ਸਕਣ।

### ਭਾਗ ੳ Part A

ਹੇਠ ਲਿਖਿਆਂ ਦਰਮਿਆਨ ਅੰਤਰ ਦਰਸਾਇਆ ਗਿਆ।

(ੳ) ਫਰਜ਼ ਅਤੇ ਜ਼ਿੰਮੇਵਾਰੀਆਂ ਵਿਚ
(ਅ) ਜ਼ਿੰਮੇਵਾਰੀ ਅਤੇ ਤਾਕਤ ਜਾਂ ਅਹੁਦਾ
(ੲ) ਨਿਰਦੇਸ਼ ਅਤੇ ਹੁਕਮ

### ਭਾਗ ਅ Part B

ਜਮਾਤ ਵਿਚ ਹੇਠ ਲਿਖੇ ਤੇ ਵਿਚਾਰ-ਵਟਾਂਦਰਾ ਕੀਤਾ ਗਿਆ :

(ੳ) ਅਦਾਰੇ ਦੇ ਅਹਾਤੇ ਵਿਚ ਗਸ਼ਤ ਕਰਨ ਦੇ ਦੌਰਾਨ, ਸੁਰੱਖਿਆ ਕਰਮਚਾਰੀਆਂ ਦੇ ਕੀ-ਕੀ ਕਰੱਤਵ ਹਨ ?

(ਅ) ਅਦਾਰੇ ਦੇ ਅਹਾਤੇ ਵਿਚ ਗਸ਼ਤ ਕਰਦੇ ਹੋਏ, ਸੁਰੱਖਿਆ ਕਰਮਚਾਰੀਆਂ ਦੀਆਂ ਕਿਹੜੀਆਂ-ਕਿਹੜੀਆਂ ਜ਼ਿੰਮੇਵਾਰੀਆਂ ਹਨ ?

(ੲ) ਰਿਪੋਰਟ ਲਿਖਣਾ ਜਾਂ ਰਿਪੋਰਟ ਤਿਆਰ ਕਰਨਾ ਕਿਉਂ ਜਰੂਰੀ ਹੈ ?

### ਭਾਗ ੲ Part C

**ਕੰਮ ਦੇ ਪੱਧਰ Performance standards**

ਕੰਮ ਦੇ ਪੱਧਰਾਂ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਇਹ ਇਥੋਂ ਤਕ ਸੀਮਿਤ ਨਹੀਂ ਹਨ।

| ਕੰਮ ਦੇ ਪੱਧਰ **Performance standards** | ਹਾਂ | ਨਹੀ |
|---|---|---|
| ਸੁਰੱਖਿਆ ਕਰਮਚਾਰੀ ਦੀ ਕੀ ਅਥਾਰਟੀ ਜਾਂ ਸੁਰੱਖਿਆ ਕਰਮਚਾਰੀ ਕੋਲ ਕਿਹੜੀਆਂ-ਕਿਹੜੀਆਂ ਸ਼ਕਤੀਆਂ ਹਨ, | | |
| ਨਿਯਤ ਰੂਪ ਰੇਖਾ ਵਿਚ ਗਸ਼ਤ ਸੰਬੰਧੀ ਰਿਪੋਰਟ ਲਿਖੋ। | | |

## ਕਾਰਜਕਾਲ 4 : ਭੀੜ ਦੀਆਂ ਕਿਸਮਾਂ **TYPES OF CROWD**

### ਢੁੱਕਵਾਂ ਗਿਆਨ RELEVANT KNOWLEDGE

ਵੀਹਵੀਂ ਸਦੀ ਦੀ ਸ਼ੁਰੂਆਤ ਵਿਚ ਫਰਾਂਸ ਦੇ ਮਨੋਵਿਗਿਆਨੀ ਗਸਟਵਾ ਲੇ ਬੌਨ ਨੇ 'ਸੰਗਠਿਤ' ਜਾਂ "ਮਨੋਵਿਗਿਆਨਿਕ" ਭੀੜ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਨੋਟ ਕੀਤਾ।ਸੰਖੇਪ ਵਿੱਚ, ਉਸ ਦੇ ਸਿਧਾਂਤ ਦੇ ਤੱਤ ਹਨ :

- ਭੀੜ, ਇਕੱਠੇ ਹੋਏ ਜਾਂ ਏਕੇਬੱਧ ਲੋਕ ਹੁੰਦੇ ਹਨ, ਜਿਨ੍ਹਾਂ ਦੇ ਵਰਤਾਉ ਦੀ ਵਰਗ ਵੰਡ, ਤੇਜ਼ ਤਰਾਰ, ਪ੍ਰਗਟਾਵਾ ਕਰਨ ਵਾਲੀ, ਇੱਛਾ ਭਰਪੂਰ ਲਾਲਸਾ ਮਈ ਜਾਂ ਦੁਸ਼ਮਣੀ ਭਰਪੂਰ ਲੋਕਾਂ ਵਿਚ ਕੀਤੀ ਜਾ ਸਕਦੀ ਹੈ।
- ਭੀੜ ਵਿਚ ਭਾਗ ਲੈਣ ਵਾਲੇ ਲੋਕ ਲਗਾਤਾਰਤਾ ਵਾਲੇ, ਅੰਧਵਿਸ਼ਵਾਸ਼ੀ ਆਪਣੇ ਆਪ ਤੇ ਕਾਬੂ ਨਾ ਰੱਖਣ ਵਾਲੇ ਅਤੇ ਉਨ੍ਹਾਂ ਵਿੱਚ ਬੇਪਛਾਣ ਹੋਣ ਦੀ ਸਮੱਰਥਾ ਹੁੰਦੀ ਹੈ।

ਭੀੜ ਬਹੁਤ ਸਾਰੇ ਲੋਕਾਂ ਦਾ ਅਸਥਾਈ ਇਕੱਠ ਹੈ, ਜਿਨ੍ਹਾਂ ਦੇ ਜਾਣੇ ਪਛਾਣੇ ਵਰਤਾਉ ਅਮਨ ਅਤੇ ਕਾਨੂੰਨ ਦੀ ਰਾਖੀ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਨੂੰ ਰੋਕਣ ਵਾਲੇ ਕਦਮ ਉਠਾਉਣ ਦੀ ਜ਼ਰੂਰਤ ਹੈ ਤਾਂ ਕਿ ਅਮਨ ਅਤੇ ਕਾਨੂੰਨ ਦੀ ਰਾਖੀ ਹੋ ਸਕੇ ਅਤੇ ਭੀੜ ਬੇਕਾਬੂ ਨਾ ਹੋ ਜਾਵੇ। ਇਕ ਭੀੜ ਜਾਂ ਵਿਰੋਧ ਪ੍ਰਦਰਸ਼ਨ ਇਕ ਬੇਕਾਬੂ ਭੀੜ ਵਿਚ ਬਦਲ ਜਾਏਗਾ ਜੇਕਰ ਇਹ ਕੁਝ ਗੁੱਸਾ ਭੜਕਾਉਣ ਵਾਲੀਆਂ ਘਟਨਾਵਾਂ ਅਤੇ ਅਫਵਾਹਾਂ ਕਾਰਨ ਭੜਕੀ ਹੋਵੇ ਅਤੇ ਪੇਸ਼ਾਵਰ ਗੁੰਡਿਆਂ ਦੁਆਰਾ ਭੜਕਾਈ ਹੋਵੇ ਜਿਹੜੇ ਦਲੀਲ ਨਾਲ ਕੰਮ ਨਾ ਕਰਕੇ ਜਜਬਾਤੀ ਪੱਧਰ ਤੇ ਕੰਮ ਕਰਦੇ ਹਨ। ਜਿਉਂ ਹੀ ਇਕ ਵਾਰ ਜਾਨ ਅਤੇ ਮਾਲ ਦੇ ਖਿਲਾਫ਼ ਹਿੰਸਾ ਭੜਕਾਈ ਤਾਂ ਇਹ ਦੰਗੇ ਵਿਚ ਬਦਲ ਜਾਂਦੀ ਹੈ। ਆਮ ਤੌਰ ਤੇ ਭੀੜ ਸੋਚਦੀ ਹੈ ਅਤੇ ਲੋਕਾਂ ਦੀ ਗ਼ਲਤ ਸਲਾਹ ਅਨੁਸਾਰ ਕੰਮ ਕਰਦੀ ਹੈ ਅਤੇ ਬਿਨਾਂ ਕਿਸੇ ਸੰਸਥਾ ਦੇ, ਜਿਵੇਂ ਦੁਰਘਟਨਾ ਸਥਾਨ ਤੇ ਇਕੱਠੇ ਹੋਏ ਲੋਕ ਜਾਂ ਇਕ ਮਸ਼ਹੂਰ ਦੁਕਾਨ ਤੇ ਹੋਣ ਵਾਲੀ ਵਿਕਰੀ। ਇਸ ਤੋਂ ਇਲਾਵਾ, ਭਾਰਤੀ ਲੋਕਤੰਤਰ ਦੀ ਇਹ ਵਿਸ਼ੇਸ਼ਤਾ ਹੈ ਕਿ ਲੋਕ ਆਪਣੇ ਗਿਲੇ-ਸ਼ਿਕਵੇ ਵਿਰੋਧ ਪ੍ਰਦਰਸ਼ਨਾਂ ਅਤੇ ਧਰਨਿਆਂ ਦੇ ਰੂਪ ਵਿਚ ਕਰਦੇ ਹਨ। ਸੰਗਠਿਤ, ਅਹਿੰਸਕ ਵਿਰੋਧ, ਮਾਰਚ, ਆਜ਼ਾਦੀ ਦੀ ਲੜਾਈ ਦੇ ਦੌਰਾਨ ਇਕ ਪ੍ਰਮੁੱਖ ਹਥਿਆਰ ਸੀ ਅਤੇ ਭਾਰਤ ਦੇ ਸੰਵਿਧਾਨ ਵਿੱਚ ਸ਼ਾਂਤਮਈ ਢੰਗ ਨਾਲ ਵਿਰੋਧ ਕਰਨਾ ਇਕ ਮੁੱਢਲੇ ਅਧਿਕਾਰ ਵਜੋਂ ਦਰਜ ਹੈ। ਅਜਿਹੇ ਮਾਰਚਾਂ ਵਿਚ ਭੀੜਾਂ ਰਾਜਨੀਤਿਕ ਕਾਰਨਾਂ ਅਤੇ ਰਾਜਨੀਤਿਕ ਲੋਕਾਂ ਦੇ ਇਸ਼ਾਰਿਆਂ ਤੇ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਪੁਲਿਸ ਅਤੇ ਪ੍ਰਸ਼ਾਸ਼ਨ ਕਾਬੂ ਕਰਦੇ ਹਨ।ਅਜਿਹੀਆਂ ਭੀੜਾਂ ਨੂੰ ਵਿਰੋਧ ਪ੍ਰਦਰਸ਼ਨ ਕਹਿੰਦੇ ਹਨ।

ਭੀੜ ਦਾ ਵਰਤਾਉ, ਉਨ੍ਹਾਂ ਦੇ ਇਕੱਠੇ ਹੋਣ ਵਾਲੇ ਕਾਰਨਾਂ (ਲਿਆਉਣ ਵਾਲਿਆਂ ਅਤੇ ਕਾਰਵਾਈਆਂ) ਅਨੁਸਾਰ ਅਲੱਗ ਹੁੰਦਾ ਹੈ। ਭੀੜ ਦਾ ਆਪਣੇ ਵਰਤਾਉ ਅਤੇ ਇਕੱਠੇ ਹੋਣ ਦੇ ਕਾਰਨਾਂ ਦੇ ਅਨੁਸਾਰ ਦਾ ਵਰਗੀਕਰਣ ਕੀਤਾ ਜਾ ਸਕਦਾ ਹੈ। ਇਹ ਜ਼ਰੂਰੀ ਹੈ ਕਿ ਭੀੜ ਨੂੰ ਕਾਬੂ ਕਰਨ ਲਈ ਸੁਰੱਖਿਆਤਮਕ ਕਦਮ ਭੀੜ ਦੀ ਕਿਸਮ ਤੇ ਆਧਾਰਿਤ ਹੁੰਦੇ ਹਨ। ਆਓ ਦੇਖੀਏ ਕਿ ਸੁਰੱਖਿਆ ਕਰਮਚਾਰੀਆਂ ਨੂੰ ਕਿਸ ਕਿਸ ਤਰ੍ਹਾਂ ਦੀ ਭੀੜ ਨਾਲ ਨਜਿੱਠਣਾ ਪਵੇਗਾ।

## ਭੀੜ ਦੀਆਂ ਕਿਸਮਾਂ Types of Crowd

ਤਮਾਸ਼ਾ ਦੇਖਣ ਵਾਲੇ ਜਾਂ ਤਮਾਸ਼ਬੀਨ ਲੋਕ **(Onlookers) :** ਇਸ ਤਰ੍ਹਾਂ ਦੀ ਭੀੜ ਦੁਰਘਟਨਾ ਵੇਲੇ ਜਾਂ ਵਾਰਦਾਤ ਹੋ ਜਾਣ ਕਰਕੇ, ਇੱਕ ਦਮ ਇਕੱਠੀ ਹੋ ਜਾਂਦੀ ਹੈ। ਇਹ ਆਮ ਤੌਰ ਤੇ ਉਤਸਕ ਅਤੇ ਰਾਹ ਜਾਂਦੇ ਲੋਕ ਹੁੰਦੇ ਹਨ ਜੋ ਸਿਰਫ਼ ਖੜ੍ਹੇ ਹੋ ਕੇ ਦੇਖਦੇ ਹਨ। ਇਸ ਤਰ੍ਹਾਂ ਦੀ ਭੀੜ ਤਮਾਸ਼ਾ ਦੇਖਣ ਵਾਲੇ ਦੇ ਪ੍ਰਭਾਵ ਹੇਠ ਇਕੱਠੀ ਹੁੰਦੀ ਹੈ। ਜਿਸ ਵਿੱਚ ਹਰੇਕ ਵਿਅਕਤੀ ਸੋਚਦਾ ਹੈ ਕਿ ਕੋਈ ਹੋਰ ਮਦਦ ਕਰੇਗਾ ਅਤੇ ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਕੋਈ ਵੀ ਵਿਅਕਤੀ ਮਦਦ ਕਰਨ ਲਈ ਅਗੇ ਨਹੀਂ ਆਉਂਦਾ, ਪਰ ਜੇ ਕੋਈ ਅਫ਼ਸਰ ਮਦੱਦ ਕਰਨ ਲਈ ਕਹੇ ਤਾਂ ਫ਼ਿਰ ਉਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਮਦੱਦ ਕਰਨ ਵਾਲੇ ਬਣ ਜਾਂਦੇ ਹਨ ਅਤੇ ਮਦਦ ਕਰਨੀ ਵੀ ਚਾਹੁੰਦੇ ਹਨ। ਅਜਿਹੀ ਭੀੜ ਘਟਨਾਵਾਂ ਦੇ ਪ੍ਰਭਾਵ ਹੇਠ ਭੜਕਾਈ ਜਾ ਸਕਦੀ ਹੈ ਅਤੇ ਬੇਕਾਬੂ ਹੋ ਜਾਂਦੀ ਹੈ। ਉਦਾਹਰਣ ਵਜੋਂ : ਜੇ ਕੋਈ ਕਾਰ, ਪੈਦਲ ਵਿਅਕਤੀ ਨਾਲ ਟਕਰਾ ਜਾਵੇ ਤੇ ਦੁਰਘਟਨਾ ਹੋ ਜਾਵੇ ਤਾਂ ਲੋਕ ਸੜਕ ਤੇ ਆਵਾਜਾਈ ਪੂਰੀ ਤਰ੍ਹਾਂ ਠੱਪ ਕਰ ਦਿੰਦੇ ਹਨ।

- **ਦਰਸ਼ਕ** : ਇਹ ਇਕ ਯੋਜਨਾਬੱਧ ਭੀੜ ਹੁੰਦੀ ਹੈ, ਜੋ ਸਿਰਫ਼ ਦੁਰਘਟਨਾ ਮੌਕੇ ਮੰਨੋਰੰਜਨ ਜਾਂ ਤਮਾਸ਼ਾ ਦੇਖਣ ਲਈ ਇੱਕਠੀ ਹੁੰਦੀ ਹੈ। ਅਜਿਹੀ ਭੀੜ, ਆਮ ਤੌਰ ਤੇ ਭਲੇ ਲੋਕਾਂ ਦੀ ਹੁੰਦੀ ਹੈ, ਪਰ ਇਹ ਇਕਦਮ ਬਦਲ ਜਾਂਦੀ ਹੈ ਅਤੇ ਬੇਕਾਬੂ ਹੋ ਜਾਂਦੀ ਹੈ ਅਤੇ ਹਿੰਸਾ ਤੇ ਉਤਾਰੂ ਹੋ ਜਾਂਦੀ ਹੈ ਅਤੇ ਇਹ ਹਿੰਸਾ ਤੇ ਉਤਾਰੂ ਹੋ ਜਾਂਦੀ ਹੈ ਅਤੇ ਇਹ ਹਿੰਸਾ ਘਟਨਾ ਦੇ ਨਤੀਜੇ ਤੇ ਆਧਾਰਿਤ ਹੁੰਦੀ ਹੈ, ਜਿਵੇਂ : ਇਹ ਕਹੋ ਕਿ ਫੁੱਟਬਾਲ ਕਲੱਬ ਜਾਂ ਬਾਕਸਿੰਗ ਮੈਚ ਵੇਲੇ ਤੋੜ ਭੰਨ।
- **ਸਥਾਈ (Regular) :** ਇਹ ਉਹ ਭੀੜਾਂ ਹਨ, ਜੋ ਸਥਾਈ ਤੌਰ ਤੇ ਹੁੰਦੀਆਂ ਹਨ, ਜਿਵੇਂ ਮੰਡੀ ਜਾਂ ਬਾਜ਼ਾਰ ਵਾਲੇ ਲੋਕ , ਮੈਟਰੋ ਸਟੇਸ਼ਨ ਜਾਂ ਸਿਨੇਮਾ ਹਾਲ ਵਿਚ ਹੁੜਦੰਗ ਮਚਾਉਣ ਵਾਲੇ ਲੋਕ। ਉਨ੍ਹਾਂ ਦੀਆਂ ਹਰ ਰੋਜ਼ ਦੀਆਂ ਹਰਕਤਾਂ, ਬਣਾਵਟ ਅਤੇ ਉਨ੍ਹਾਂ ਦਾ ਵਰਤਾਉ ਆਮ ਤੌਰ ਤੇ ਪਹਿਲਾਂ ਤੈਅ ਸ਼ੁਦਾ ਹੀ ਹੁੰਦਾ ਹੈ ਅਤੇ ਇਨ੍ਹਾਂ ਨੂੰ ਕਾਬੂ ਕਰਨ ਲਈ ਕਦਮ ਉਠਾਏ ਜਾ ਸਕਦੇ ਹਨ ਅਤੇ ਆਸਾਨੀ ਨਾਲ ਇਨ੍ਹਾਂ ਨੂੰ ਕਾਬੂ ਵੀ ਕੀਤਾ ਜਾ ਸਕਦਾ ਹੈ।

- x ਅਸਥਾਈ ਜਾਂ ਅਚਾਨਕ ਹੋਣ ਵਾਲਾ (**Casual**): ਅਜਿਹੀਆਂ ਭੀੜਾਂ ਵਾਲੇ ਲੋਕ ਅਜਿਹੇ ਹੁੰਦੇ ਹਨ, ਜੋ ਅਸਥਾਈ ਘਟਨਾਵਾਂ ਤੋਂ ਪ੍ਰਭਾਵਿਤ ਹੋ ਜਾਂਦੇ ਹਨ, ਜਿਵੇਂ ਗਲੀ ਵਿਚ ਕੀਤੇ ਜਾਣ ਵਾਲੇ ਨਾਟਕ, ਅਤੇ ਜਾਦੂਗਰ। ਇਹ ਲੋਕ ਵੀ ਤਮਾਸ਼ਬੀਨਾਂ ਵਰਗੇ ਹੁੰਦੇ ਹਨ ਪਰ ਇਹ, ਉਨ੍ਹਾਂ ਤੋਂ ਅਲੱਗ ਹੁੰਦੇ ਹਨ ਕਿਉਂਕਿ ਇੱਥੇ ਕੋਈ ਵਾਰਦਾਤ ਜਾਂ ਦੁਰਘਟਨਾ ਨਹੀਂ ਹੋਈ ਹੁੰਦੀ ਅਤੇ ਇਸ ਲਈ ਇਹ ਤਮਾਸ਼ਬੀਨ ਪ੍ਰਭਾਵ ਤੋਂ ਮੁਕਤ ਹੁੰਦੇ ਹਨ। ਇਹ ਆਮ ਤੌਰ ਤੇ ਸ਼ਾਂਤਮਈ ਅਤੇ ਪ੍ਰਸੰਨ ਭੀੜ ਹੁੰਦੀ ਹੈ।
- x ਤਾਂਘਮਈ ਜਾਂ ਲਾਲਸਾਮਈ ਭੀੜ (**Acquisitive**): ਅਜਿਹੀ ਭੀੜੇ ਦੇ ਮੈਂਬਰ ਕਿਸੇ ਲਾਲਸਾ ਜਾਂ ਇੱਛਾ ਤੋਂ ਪ੍ਰਭਾਵਿਤ ਲੋਕ ਹੁੰਦੇ ਹਨ ਜਾਂ ਉਨ੍ਹਾਂ ਦੀ ਕੋਈ ਮੰਗ ਹੁੰਦੀ ਹੈ। ਇਸ ਦੀ ਆਮ ਉਦਾਹਰਣ ਹੈ ਹੜ੍ਹ ਦੀ ਮਾਰ ਹੇਠ ਆਏ ਲੋਕ ਜੋ ਹੰਗਾਮੀ ਹਾਲਤ ਵੇਲੇ ਖਾਣੇ ਦੇ ਪੈਕਟ ਲੈਣ ਜਾਂ ਹੱਥਾਂ ਵਿਚ ਬੋਚਣ ਲਈ ਤਿਆਰ ਹੋਣ ਜਾਂ ਪਾਣੀ ਦੀ ਕਮੀ ਹੋ ਜਾਣ ਤੇ ਪਾਣੀ ਦੇ ਟੈਂਕਰ ਪਿੱਛੇ ਪਾਣੀ ਲੈਣ ਲਈ ਦੌੜਨ ਵਾਲੀ ਭੀੜ। ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਭੀੜ ਦੀ ਇਹ ਹੈ ਕਿ ਇਨ੍ਹਾਂ ਦਾ ਕੋਈ ਨੇਤਾ ਨਹੀਂ ਹੁੰਦਾ ਅਤੇ ਹਰੇਕ ਮੈਂਬਰ ਆਪਣੀ ਜ਼ਰੂਰਤ ਜਾਂ ਸੁਆਰਥ ਕਰਕੇ ਇਸ ਵਿਚ ਸ਼ਾਮਲ ਹੁੰਦਾ ਹੈ।
- x ਪ੍ਰਗਟਾਵਾ ਕਰਨ ਵਾਲੀ (**Expressive**): ਇਸ ਤਰ੍ਹਾਂ ਦੀ ਭੀੜ ਨਾਲ ਸੰਬੰਧਿਤ ਲੋਕ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਸ਼ਾਂਤਮਈ ਢੰਗ ਨਾਲ ਇਕੱਠੇ ਹੋ ਕੇ ਕਰਦੇ ਹਨ। ਇਹ ਭੀੜ ਦੇ ਲੋਕਾਂ ਦਾ ਵਰਤਾਉ ਆਮ ਤੌਰ ਤੇ ਵਧੀਆ ਹੁੰਦਾ ਹੈ ਪਰ ਇਸ ਵਿਚ ਵੀ ਬੇਕਾਬੂ ਹੋਣ ਦਾ ਗੁਣ ਜਾਂ ਸਮਰੱਥਾ ਹੁੰਦੀ ਹੈ, ਜੇ ਇਸ ਨੂੰ ਭੜਕਾ ਦਿੱਤਾ ਜਾਵੇ। ਧਾਰਮਿਕ ਸ਼ੋਭਾ ਯਾਤਰਾਵਾਂ ਅਤੇ ਸ਼ਾਂਤਮਈ ਰਾਜਨੀਤਿਕ ਰੈਲੀਆਂ, ਇਸ ਪ੍ਰਕਾਰ ਦੀਆਂ ਭੀੜਾਂ ਦੀਆਂ ਉਦਾਹਰਣਾਂ ਹਨ।
- x ਹਮਲਾਵਰ ਜਾਂ ਗੁੱਸੇ ਨਾਲ ਭਰੀਆਂ ਹੋਈਆਂ (**Aggressive**): ਗੁੱਸਾ ਅਜਿਹੀਆਂ ਭੀੜਾਂ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਹੈ ਅਤੇ ਇਸ ਪ੍ਰਕਾਰ ਦੇ ਲੋਕ, ਆਪਣੀ ਮੰਗ ਦੀ ਪੂਰਤੀ ਲਈ ਲੜਨ ਮਰਨ ਨੂੰ ਵੀ ਤਿਆਰ ਹੁੰਦੇ ਹਨ। ਗੁੱਸੇ ਨਾਲ ਭਰਪੂਰ ਭੀੜਾਂ ਦੀਆਂ ਮਹੱਤਵਪੂਰਨ ਉਦਾਹਰਣਾਂ ਹਨ : ਧਰਨੇ, ਹੜਤਾਲਾਂ, ਘਿਰਾਉ, ਰਾਜਨੀਤਿਕ ਪ੍ਰਦਰਸ਼ਨ ਅਤੇ ਵਿਰੋਧੀ ਬੇਕਾਬੂ ਭੀੜ ਜਾਂ ਦੰਗਾ ਭੜਕਾਉਣ ਵਾਲੀ ਭੀੜ। ਗੁੱਸੇ ਨਾਲ ਭਰੀਆਂ ਭੀੜਾਂ ਦੇ ਆਮ ਤੌਰ ਤੇ ਨੇਤਾ ਹੁੰਦੇ ਹਨ ਜੋ ਭੀੜ ਨੂੰ ਭੜਕਾਉਣ ਲਈ ਸਦਾ ਉਕਸਾਉਂਦੇ ਰਹਿੰਦੇ ਹਨ।

ਜਦੋਂ ਕਿ ਨਿੱਜੀ ਸੁਰੱਖਿਆ ਕਰਮਚਾਰੀਆਂ ਨੂੰ ਰਾਜਨੀਤਿਕ ਰੈਲੀਆਂ ਵਿੱਚ ਭੀੜ ਨੂੰ ਕਾਬੂ ਕਰਨ ਲਈ ਨਹੀਂ ਵਰਤਿਆ ਜਾਂਦਾ। ਇਨ੍ਹਾਂ ਨੂੰ ਕਿਸੇ ਪ੍ਰੋਗਰਾਮ ਦੌਰਾਨ, ਕਾਰਖਾਨਿਆਂ ਵਿਚ ਹੜਤਾਲਾਂ ਦੇ ਮੌਕੇ, ਮਾਲਾਂ, ਸਿਨੇਮਾਘਰਾਂ ਅਤੇ ਰਿਹਾਇਸ਼ੀ ਇਲਾਕਿਆਂ ਵਿਚ ਭੀੜ ਕਾਬੂ ਕਰਨ ਲਈ ਤੈਨਾਤ ਕੀਤਾ ਜਾਂਦਾ ਹੈ। ਅਸਲ ਵਿਚ, ਇਹ ਕਿਹਾ ਜਾ ਸਕਦਾ ਹੈ ਕਿ ਜਿਵੇਂ ਇੱਕ ਸੁਰੱਖਿਆ ਕਰਮਚਾਰੀ ਅੱਗ ਲੱਗਣ ਦੀ ਸੂਰਤ ਵਿੱਚ ਫਾਇਰ ਬ੍ਰਿਗੇਡ ਆਉਣ ਤਕ ਲੋਕਾਂ ਨੂੰ ਕਾਬੂ 'ਚ ਰੱਖ ਕੇ ਅਤੇ ਅੱਗ ਬੁਝਾਉਣ ਦੇ ਯਤਨ ਕਰਦਾ ਹੈ, ਉਸੇ ਤਰ੍ਹਾਂ ਉਹ ਬੇਕਾਬੂ ਭੀੜ ਨੂੰ ਉਤਨੀ ਦੇਰ ਤਕ ਕਾਬੂ ਕਰਨ ਦਾ ਯਤਨ ਕਰਦਾ ਹੈ, ਜਦੋਂ ਤਕ ਪੁਲਿਸ ਘਟਨਾ ਸਥਾਨ ਤੇ ਪਹੁੰਚ ਨਾ ਜਾਵੇ। ਭਾਵ ਉਹ ਪੁਲਿਸ ਦੇ ਆਉਣ ਤਕ ਭੀੜ ਨੂੰ ਕਾਬੂ ਕਰਨ ਦਾ ਯਤਨ ਕਰਦਾ ਹੈ।

**ਅਭਿਆਸ EXERCISE** ਹੇਠ ਲਿਖੀ ਸਥਿਤੀ ਨੂੰ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਦਿਉ।

ਇਕ ਏ ਬੀ ਸੀ ਕੰਪਨੀ ਹੈ। ਇਸ ਦੀ ਇਕ ਮਜ਼ਦੂਰ ਯੂਨੀਅਨ ਹੈ। ਸ਼੍ਰੀ ਸ਼ਾਮ ਮਜ਼ਦੂਰ ਯੂਨੀਅਨ ਦਾ ਪ੍ਰਧਾਨ ਹੈ। ਇਕ ਦਿਨ ਕੰਪਨੀ ਦੇ ਮੈਨੇਜਰ ਨੇ ਐਲਾਨ ਕੀਤਾ ਕਿ 20 ਮਜ਼ਦੂਰਾਂ ਨੂੰ ਨੌਕਰੀ ਤੋਂ ਕੱਢ ਦਿਤਾ ਜਾਵੇਗਾ। ਸ਼੍ਰੀ ਸ਼ਾਮ ਨੇ ਇਹ ਸੁਨੇਹਾ ਸਾਰੇ ਮਜ਼ਦੂਰਾਂ ਨੂੰ ਭੇਜਿਆ ਕਿ ਉਹ ਕੰਮ ਬੰਦ ਕਰ ਦੇਣ ਅਤੇ ਕੰਪਨੀ ਦੇ ਮੇਨ ਗੇਟ ਦੇ ਕੋਲ ਇਕੱਠੇ ਹੋ ਜਾਣ। ਉਨ੍ਹਾਂ ਨੇ ਮੈਨੇਜਰ ਨੂੰ ਨੋਟਿਸ ਭੇਜਿਆ ਕਿ ਉਹ ਆਪਣਾ ਹੁਕਮ ਵਾਪਸ ਲੈ ਲਵੇ ਨਹੀਂ ਤਾਂ ਉਹ ਅੱਜ ਤੋਂ ਹੜਤਾਲ ਤੇ ਚਲੇ ਜਾਣਗੇ। ਮੈਨੇਜਰ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਮਜ਼ਦੂਰਾਂ ਵਲੋਂ ਹੜਤਾਲ ਸ਼ੁਰੂ ਕਰ ਦਿੱਤੀ ਗਈ।

ਮਜ਼ਦੂਰਾਂ ਦੀ ਭੀੜ ਮੇਨ ਗੇਟ ਤੋਂ ਸ਼ੁਰੂ ਹੋ ਕੇ ਮੈਨੇਜਰ ਦੇ ਦਫ਼ਤਰ ਵੱਲ ਚੱਲ ਪਈ। ਸੁਰੱਖਿਆ ਕਰਮਚਾਰੀਆਂ ਨੇ ਉਨ੍ਹਾਂ ਨੂੰ ਹੱਥਾਂ ਦੀ ਚੇਨ ਜਾਂ ਕੜੀ ਬਣਾ ਕੇ ਰੋਕ ਜਾਂ ਬੈਰੀਕੇਡ ਲਗਾ ਕੇ ਅਤੇ ਗੇਟ ਨੂੰ ਤਾਲਾ ਲਗਾ ਕੇ ਰੋਕਣ ਦੀ ਕੋਸ਼ਿਸ਼ ਕੀਤੀ। ਫੈਕਟਰੀ ਦੇ ਗੇਟ ਦੀ ਮੁਰੰਮਤ ਚਲ ਰਹੀ ਹੈ। ਗੇਟ ਉਤੇ ਤੈਨਾਤ ਕੀਤਾ ਹੋਇਆ ਸੁਰੱਖਿਆ ਗਾਰਡ ਕਰਮਚਾਰੀਆਂ ਨੂੰ ਕਹਿ ਰਿਹਾ ਹੈ ਕਿ ਉਹ ਆਪਣੀਆਂ ਗੱਡੀਆਂ ਨੂੰ ਗੇਟ ਦੇ ਬਾਹਰ ਖੜ੍ਹੀਆਂ ਕਰਨ ਅਤੇ ਉਹ ਸਾਮਾਨ ਲਿਆਉਣ ਲੰਘਾਉਣ ਵਾਲੇ ਗੇਟ ਰਾਹੀਂ ਅੰਦਰ ਜਾਣ। ਸਾਮਾਨ ਵਾਲਾ ਇਹ ਗੇਟ ਮੇਨ ਗੇਟ ਤੋਂ ਥੋੜ੍ਹਾ ਦੂਰ ਹੈ। ਮਜ਼ਦੂਰ ਨਾਰਾਜ਼ ਹਨ ਅਤੇ ਮੇਨ ਗੇਟ ਉਤੇ ਮਜ਼ਦੂਰਾਂ ਅਤੇ ਸੁਰੱਖਿਆ ਕਰਮਚਾਰੀ ਦਰਮਿਆਨ ਬਹਿਸਬਾਜ਼ੀ ਹੋ ਰਹੀ ਹੈ। ਸੁਰੱਖਿਆ ਕਰਮਚਾਰੀ ਨੂੰ ਕੀ ਕਰਨਾ ਚਾਹੀਦਾ ਹੈ ?

## ਮੁਲਾਂਕਣ ASSESSMENT

(ੳ) ਛੋਟੇ ਉਤਰ ਵਾਲੇ ਪ੍ਰਸ਼ਨ **Short Answer Questions**

ਪ੍ਰਸ਼ਨ 1 : ਭੀੜ ਤੋਂ ਤੁਸੀਂ ਕੀ ਸਮਝਦੇ ਹੋ ?

ਪ੍ਰਸ਼ਨ 2 : ਤਮਾਸ਼ਾ ਦੇਖਣ ਵਾਲੀ ਜਾਂ ਤਮਾਸ਼ਬੀਨ ਭੀੜ ਤੋਂ ਤੁਸੀਂ ਕੀ ਸਮਝਦੇ ਹੋ ?

ਪ੍ਰਸ਼ਨ 3 : ਦਰਸ਼ਕ ਭੀੜ ਤੋਂ ਤੁਸੀਂ ਕੀ ਸਮਝਦੇ ਹੋ ?

ਪ੍ਰਸ਼ਨ 4 : ਲਾਲਸਾ ਭਰੀ ਜਾਂ ਉਤਸੁਕਤਾ ਭਰਪੂਰ ਭੀੜ ਤੋਂ ਤੁਸੀਂ ਕੀ ਸਮਝਦੇ ਹੋ ?

(ਅ) ਖਾਲੀ ਸਥਾਨ ਭਰੋ : **Fill in the blanks**

1. ਤੁਸੀਂ, ਹੋਰ ਪੰਜਾਹ ਲੋਕਾਂ ਨਾਲ, ਟੀ. ਵੀ. ਦੀ ਦੁਕਾਨ ਦੇ ਸਾਹਮਣੇ ਕ੍ਰਿਕੇਟ ਮੈਚ ਦੇਖ ਰਹੇ ਹੋ। ਤੁਸੀਂ ____________________.

2. ਤੁਹਾਡੇ ਦਫ਼ਤਰ ਜਾਂ ਕੰਮ ਵਾਲੇ ਸਥਾਨ ਦੇ ਰਾਹ ਤੇ ਇਕ ਐਕਸੀਡੈਂਟ ਜਾਂ ਦੁਰਘਟਨਾ ਹੋ ਜਾਂਦੀ ਹੈ। ਜਾਣ ਵਾਲੇ ਲੋਕਾਂ ਨੇ ਆਪਣੇ ਸਕੂਟਰ ਰੋਕੇ ਅਤੇ ਦੇਖਿਆ ਕਿ ਕੀ ਹੋਇਆ। ਤੁਸੀਂ ਆਪਣਾ ਸਕੂਟਰ ਰੋਕ ਲੈਂਦੇ ਹੋ, ਅਤੇ ਉਨ੍ਹਾਂ ਲੋਕਾਂ ਵਿਚ ਸ਼ਾਮਲ ਹੋ ਜਾਂਦੇ ਹੋ, ਜੋ ਦੁਰਘਟਨਾ ਸਥਾਨ ਤੇ ਇਕੱਠੇ ਹੋ ਗਏ ਹਨ। ਤੁਸੀਂ ____________________ ਹੋ।

3. ਤੁਸੀਂ ਫਿਲਮ ਦੀਆਂ ਟਿਕਟਾਂ ਖਰੀਦਣ ਲਈ ਉਥੇ ਗਏ ਹੋ। ਤੁਸੀਂ ________________ ਭੀੜ ਦਾ ਇਕ ਹਿੱਸਾ ਹੈ।

4. ਪਿਕਚਰ ਹਾਲ ਵਾਲੇ ਸਿਨੇਮਾ ਘਰ ਦੀ ਡਿਉਢੀ ਜਾਂ ਦਲਾਨ ਵਿਚ ਸੈਂਕੜੇ ਹੀ ਵਿਅਕਤੀ ਇੱਧਰ ਉੱਧਰ ਘੁੰਮ ਰਹੇ ਹਨ। ਨਵੀਂ ਫਿਲਮ ਲੱਗੀ ਹੈ। ਤੁਸੀਂ ਪਹਿਲੇ ਹੀ ਦਿਨ ਪਹਿਲੇ ਸ਼ੋਅ ਲਈ ਟਿਕਟ ਖਰੀਦਣਾ ਚਾਹੁੰਦੇ ਹੋ। ਤੁਸੀਂ ਇਕ ________________ ਭੀੜ ਦਾ ਇਕ ਹਿੱਸਾ ਹੈ।
5. ਔਰਤਾਂ ਦਾ ਇਕ ਜਲੂਸ ਵਿਰੋਧ ਪ੍ਰਦਰਸ਼ਨ ਕਰਦਾ ਹੋਇਆ ਗਲੀਆਂ ਵਿਚੋਂ ਲੰਘ ਰਿਹਾ ਹੈ। ਉਹ ਇਕ ਲੜਕੀ ਨਾਲ ਉਸ ਦੇ ਸਹੁਰਿਆਂ ਵਲੋਂ ਕੀਤੇ ਗਏ ਜ਼ੁਲਮਾਂ ਵਜੋਂ ਵਿਰੋਧ ਕਰ ਰਹੀਆਂ ਹਨ। ਤੁਸੀਂ ਉਸ _________________ ਭੀੜ ਦਾ ਇਕ ਹਿੱਸਾ ਹੈ।
6. ਇੱਕ ਫੈਕਟਰੀ ਦੇ ਮਜ਼ਦੂਰ ਗੁੱਸੇ ਵਿੱਚ ਹਨ ਕਿਉਂਕਿ ਮਨੇਜਮੈਂਟ ਨੇ ਉਨ੍ਹਾਂ ਨੂੰ ਬੋਨਸ ਨਹੀਂ ਦਿੱਤਾ ਹੈ। ਉਹ ਗੇਟ ਦੇ ਨੇੜੇ ਨਾਹਰੇ ਲਗਾ ਰਹੇ ਹਨ। ਉਹ ਇੱਕ

_______________ ਭੀੜ ਹਨ।

## ਮੁਲਾਂਕਣ ਲਈ ਦਸਤਾਵੇਜ਼ਾਂ ਦੀ ਸੂਚੀ
## CHECKLIST FOR ASSESSM ENT ACTIVITY

ਮੁਲਾਂਕਣ ਨਾਲ ਸੰਬੰਧਤ, ਦਸਤਾਵੇਜ਼ਾਂ ਦੀ ਹੇਠ ਲਿਖੀ ਸੂਚੀ ਦੀ ਵਰਤੋਂ ਕਰੋ ਅਤੇ ਦੇਖੋ ਕਿ ਮੁਲਾਂਕਣ ਸੰਬੰਧੀ ਸਾਰੀਆਂ ਜ਼ਰੂਰਤਾਂ ਪੂਰੀਆਂ ਹੋ ਗਈਆਂ ਹਨ।

ਭਾਗ ੳ **Part A**

(ੳ) ਤਮਾਸ਼ਬੀਨ ਅਤੇ ਦਰਸ਼ਕਾਂ ਵਾਲੀ ਭੀੜ ਵਿਚ ਅੰਤਰ ਸਮਝਾਇਆ ਗਿਆ।

(ਅ) ਅਸਥਾਈ ਅਤੇ ਸਥਾਈ ਅਤੇ ਪ੍ਰਗਟਾਵਾ ਕਰਨ ਵਾਲੀ ਭੀੜ ਵਿਚ ਅੰਤਰ ਦਰਸਾਇਆ ਗਿਆ।

(ੲ) ਹਮਲਾਵਰ ਅਤੇ ਪ੍ਰਗਟਾਵਾ ਕਰਨ ਵਾਲੀ ਭੀੜ ਵਿਚ ਅੰਤਰ ਸਮਝਾਇਆ ਗਿਆ।

ਭਾਗ ਅ **Part B**

ਜਮਾਤ ਵਿਚ ਹੇਠ ਲਿਖੇ ਤੇ ਵਿਚਾਰ ਚਰਚਾ ਕੀਤੀ ਗਈ

(ੳ) ਅਲੱਗ-ਅਲੱਗ ਕਿਸਮ ਦੀਆਂ ਭੀੜਾਂ ਕਿਹੜੀਆਂ ਹਨ?

(ਅ) ਭੀੜ ਦੇ ਸੁਭਾਅ ਜਾਂ ਵਰਤਾਉ ਨੂੰ ਸਮਝਣਾ ਕਿਉਂ ਜ਼ਰੂਰੀ ਹੈ?

ਭਾਗ ੲ **Part C**

ਕੰਮ ਦੇ ਪੱਧਰ **Performance standards**

ਕੰਮ ਦੇ ਪੱਧਰਾਂ ਵਿਚ ਸ਼ਾਮਲ ਹੋ ਸਕਦੇ ਹਨ, ਪਰ ਸੀਮਿਤ ਨਹੀਂ ਹਨ:
to:

| ਕੰਮ ਦੇ ਪੱਧਰ **Performance standards** | ਹਾਂ **Yes** | ਨਹੀਂ **No** |
|---|---|---|
| ਦਿਤੇ ਗਏ ਦ੍ਰਿਸ਼ ਜਾਂ ਸਥਿਤੀ ਵਿਚ ਭੀੜ ਦੀ ਕਿਸਮ ਬਾਰੇ ਸਮਝਾਇਆ ਗਿਆ। | | |

## ਕਾਰਜ ਕਾਲ 5 : ਭੀੜ ਨੂੰ ਕਾਬੂ ਕਰਨਾ CONTROLLING CROWD

### ਢੁੱਕਵੀਂ ਜਾਣਕਾਰੀ RELEVANT KNOWLEDGE

ਭੀੜ ਨੂੰ ਕਾਬੂ ਕਰਨਾ, ਕਿਸੇ ਭੀੜ ਜਾਂ ਇਕੱਠ ਨੂੰ ਇਸ ਲਈ ਕਾਬੂ ਕਰਨਾ ਹੈ ਤਾ ਕਿ ਅਮਨ ਕਾਨੂੰਨ ਨੂੰ ਹੋਣ ਵਾਲੇ ਖ਼ਤਰੇ ਤੋਂ ਰੋਕਿਆ ਜਾਵੇ ਅਤੇ ਦੰਗੇ ਫ਼ਸਾਦ ਨਾ ਹੋਣ ਦਿੱਤੇ ਜਾਣ। ਸਾਮਾਨ, ਜਿਵੇਂ: ਰੋਕਣ ਲਈ ਡੰਡਾ, ਭੀੜ ਨੂੰ ਰੋਕਣ ਲਈ ਰੋਕਾਂ, ਵਾੜਾਂ ਅਤੇ ਜ਼ਮੀਨ ਉੱਤੇ ਨਿਸ਼ਾਨ ਲਗਾਉਣਾ ਕਿ ਇਸ ਤੋਂ ਪਾਰ ਜਾਣ ਦੀ ਮਨਾਹੀ ਹੈ ਅਤੇ ਦੰਗਾ ਫ਼ਸਾਦ ਰੋਕਣ ਵਾਲੇ ਸਖ਼ਤ ਕਦਮਾਂ ਨਾਲੋਂ ਹਲੀਮੀ ਵਾਲੇ ਜਾਂ ਨਰਮ ਤਰੀਕੇ ਵਰਤੇ ਜਾਂਦੇ ਹਨ ਤਾਂ ਕਿ ਭੀੜ ਨੂੰ ਸਮਝਾਇਆ ਜਾ ਸਕੇ। ਭੀੜ ਨੂੰ ਸ਼ਾਂਤ ਅਤੇ ਆਮ ਸਥਿਤੀ 'ਚ ਰੱਖਣਾ ਵੀ ਜ਼ਰੂਰੀ ਹੈ, ਇਸ ਲਈ ਕਦੇ-ਕਦੇ (ਜ਼ਰੂਰਤ ਪੈਣ ਤੇ) ਚਾਨਣੀ ਜਾਂ ਦਰੀਆਂ, ਕਨਾਤਾਂ, ਗਰਮੀਆਂ ਦੇ ਮੌਕੇ ਠੰਡੀ ਹਵਾ ਦੇਣ ਵਾਲੇ ਪੱਖੇ ਅਤੇ ਮਨੋਰੰਜਨ ਦੇ ਸਾਧਨ ਵੀ ਵਰਤੇ ਜਾਂਦੇ ਹਨ।

ਸੁਰੱਖਿਆ ਕਰਮਚਾਰੀ ਭੀੜ ਦੇ ਮਨੋਵਿਗਿਆਨ ਦੀ ਸਮਝਦੀ ਵਰਤੋਂ ਕਰਦੇ ਹਨ ਤਾਂ ਕਿ ਭੀੜ ਨੂੰ ਕਾਬੂ ਕੀਤਾ ਜਾ ਸਕੇ ਅਤੇ ਉਸ ਨੂੰ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਵਰਤਿਆ ਜਾਵੇ। ਆਪਣੇ ਉਦੇਸ਼ਾਂ ਦੀ ਪੂਰਤੀ ਲਈ ਭੀੜ ਨੂੰ ਆਪਣੀ ਇੱਛਾ ਵਰਤਣ ਦੀ ਵਿਧੀ ਜਾਂ ਜੁਗਤ ਤਕਨੀਕਾਂ ਭੀੜ-ਮਨੋਵਿਗਿਆਨ ਤੇ ਆਧਾਰਿਤ ਹਨ ਤਾਂ ਕਿ ਭੀੜ ਕੰਮ 'ਚ ਲੱਗੀ ਰਹੇ, ਕਾਬੂ ਰਹੇ ਅਤੇ ਭੀੜ ਦੀਆਂ ਇੱਛਾਵਾਂ ਨੂੰ ਪ੍ਰਭਾਵਿਤ ਕਰਕੇ ਅਨੁਕੂਲ ਵਰਤਾਉ ਰਾਹੀਂ ਉਸ ਨੂੰ ਵਿਸ਼ੇਸ਼ ਗਤੀਵਿਧੀ ਵੱਲ ਮੋੜ ਦਿੱਤਾ ਜਾਵੇ। ਭੀੜ ਨੂੰ ਆਪਣੇ ਮੰਤਵ ਅਨੁਸਾਰ ਵਰਤਣ ਵਾਲਾ ਆਮ ਤੌਰ ਤੇ, ਭੀੜ ਦੇ ਕੁਝ ਹਿੱਸੇ ਨੂੰ ਵਕਤ ਦੀ ਜ਼ਰੂਰਤ ਅਨੁਸਾਰ ਅਪੀਲ ਕਰਦਾ ਹੈ। ਆਪਣੇ ਮੰਤਵ ਦੀ ਪੂਰਤੀ ਲਈ ਭੀੜ ਨੂੰ ਵਰਤਣਾ, ਭੀੜ ਨੂੰ ਕਾਬੂ ਕਰਨ ਤੋਂ ਇੱਕ ਅਲੱਗ ਗੱਲ ਹੈ ਜੋ ਸਿਰਫ਼ ਨਿਰੋਲ ਸੁਰੱਖਿਆ ਸੰਬੰਧੀ ਕਾਰਵਾਈ ਲਈ ਹੀ ਕੀਤਾ ਜਾਂਦਾ ਹੈ। ਨਿੱਜੀ ਸੁਰੱਖਿਆ ਉਦਯੋਗ ਭੀੜ ਨੂੰ ਕਾਬੂ ਕਰਨ ਵਾਲੀਆਂ ਵਿਧੀਆਂ ਦੀ ਵਰਤੋਂ ਕਰਦਾ ਹੈ, ਜਿਸ ਨਾਲ ਭੀੜ ਤਿੱਤਰ-ਬਿੱਤਰ ਹੋ ਜਾਂਦੀ ਹੈ ਅਤੇ ਗ਼ੈਰ ਕਾਨੂੰਨੀ ਕਾਰਵਾਈਆਂ ਤੋਂ ਬਚ ਜਾਂਦੀ ਹੈ, ਜਿਵੇਂ: ਦੰਗਾ-ਫ਼ਸਾਦ ਅਤੇ ਲੁੱਟ ਮਾਰ। ਭੀੜ ਦੇ ਪ੍ਰਬੰਧਨ ਸੰਬੰਧੀ ਸੁਰੱਖਿਆ ਕਰਮਚਾਰੀਆਂ ਦੀ ਯੋਗਤਾ ਤਿਆਰੀ ਅਤੇ ਸਿਖਲਾਈ ਨਾਲ ਕਾਫ਼ੀ ਮਾਤਰਾ ਵਿੱਚ ਵਧਾਈ ਜਾਂ ਸੁਧਾਰੀ ਜਾ ਸਕਦੀ ਹੈ।

ਇਕੱਠ ਦੀ ਪ੍ਰਕਿਰਿਆ:- **Crowd Process:** ਆਮ ਤੌਰ ਤੇ, ਭੀੜ ਇੱਕ ਪ੍ਰਕਿਰਿਆ ਅਪਣਾਉਂਦੀ ਹੈ, ਜੋ ਹੇਠ ਲਿਖੇ ਅਨੁਸਾਰ ਹੈ।

x ਗਤੀਸ਼ੀਲਤਾ / ਲੋਕਾਂ ਦਾ ਇਕੱਤਰ ਹੋਣਾ :- **Mobilization:**

ਇਸ ਕਾਰਵਾਈ ਲਈ ਕੁਝ ਕੁ ਮਿੰਟ ਹੀ ਲਗਦੇ ਹਨ, ਜਿਵੇਂ ਤਮਾਸ਼ਬੀਨ ਲੋਕਾਂ ਦਾ ਇਕੱਠ ਹੋਵੇ। ਇਸ ਦਾ ਸਮਾਂ ਵੱਧ ਵੀ ਸਕਦਾ ਹੈ ਜਿਵੇਂ ਕੁਝ ਦਿਨਾਂ ਤੱਕ ਜਾਰੀ ਰਹਿਣ ਵਾਲੀਆਂ ਰਾਜਨੀਤਿਕ ਰੈਲੀਆਂ। ਜਿਉਂ ਹੀ ਸੁਰੱਖਿਆ ਕਰਮਚਾਰੀ ਨੂੰ ਪਤਾ ਲਗਦਾ ਹੈ ਕਿ ਭੀੜ ਇਕੱਠੀ ਹੋਵੇਗੀ ਜ਼ਰੂਰੀ ਤਿਆਰੀਆਂ ਸ਼ੁਰੂ ਕਰ ਦੇਣੀਆਂ ਚਾਹੀਦੀਆਂ ਹਨ। ਉਦਾਹਰਣ ਵਜੋਂ, ਜਿਉਂ ਹੀ ਮੈਦਾਨ ਵਿੱਚ ਸੰਗੀਤ ਸਭਾ ਹੋਣ ਦਾ ਵਿਗਿਆਪਨ ਜਾਰੀ ਹੁੰਦਾ ਹੈ। ਤਦ ਸੁਰੱਖਿਆ ਕਰਮਚਾਰੀਆਂ ਨੂੰ ਹੇਠ ਲਿਖੇ ਕੰਮ ਕਰਨੇ ਚਾਹੀਦੇ ਹਨ: ਮੈਦਾਨ ਦੇ ਆਲੇ-ਦੁਆਲੇ ਘੇਰਾਬੰਦੀ ਕਰ ਦਿਉ ਅਤੇ ਰੋਕਾਂ ਲਗਾ ਦਿਓ। ਪ੍ਰਬੰਧਕਾਂ ਦੇ ਸਹਿਯੋਗ ਨਾਲ ਭੀੜ ਵਾਲੇ ਸਥਾਨ ਦੇ

ਅੰਦਰ ਜਾਣ ਅਤੇ ਬਾਹਰ ਜਾਣ ਦੇ ਰਸਤੇ ਤੈਅ ਕਰੋ। ਸੁਰੱਖਿਆ ਕਰਮਚਾਰੀ ਅਤੇ ਸਾਮਾਨ ਦੀ ਤੈਨਾਤੀ ਦੀ ਯੋਜਨਾ ਬਣਾਓ ਅਤੇ ਜ਼ਰੂਰਤ ਅਨੁਸਾਰ ਵਾਧੂ ਸਾਮਾਨ ਵੀ ਸੰਭਾਲ ਕੇ ਆਪਣੇ ਨਾਲ਼ ਰੱਖੋ।

- x ਅਭਿਆਸ ਕਰਦੇ ਰਹੋ ਅਤੇ ਸੰਪਰਕ ਬਣਾਈ ਰੱਖੋ।
- x ਸੰਚਾਰ-ਪ੍ਰਬੰਧ ਅਤੇ ਕਮਿਊਨੀਕੇਸ਼ਨ ਨੈੱਟਵਰਕ ਨੂੰ ਚੈੱਕ ਕਰੋ ਅਤੇ ਜ਼ਰੂਰਤ ਮੁਤਾਬਿਕ ਅਭਿਆਸ ਕਰਦੇ ਰਹੋ।
- x ਜੇ ਰਾਤ ਨੂੰ ਇਕੱਠ ਹੋਣਾ ਹੈ, ਉਸ ਇਲਾਕੇ ਵਿੱਚ ਰੌਸ਼ਨੀ ਦੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਚੈਕ ਕਰ ਲਓ ਅੰਦਰ ਅਤੇ ਬਾਹਰ ਜਾਣ ਦੇ ਸਾਰੇ ਰਸਤੇ ਚੈੱਕ ਕਰੋ।
- x ਦੂਸਰੀਆਂ ਏਜੰਸੀਆਂ ਨਾਲ ਸੰਪਰਕ ਬਣਾ ਕੇ ਰੱਖੋ ਜਿਵੇਂ: ਪੁਲਿਸ ਅਤੇ ਅੱਗ ਬੁਝਾਉਣ ਵਾਲੇ ਕਰਮਚਾਰੀ।

x **ਇਕੱਠੇ ਹੋਣ ਦੀ ਪ੍ਰਕ੍ਰਿਆ: The assembling process:**

ਇਹ ਪ੍ਰਕ੍ਰਿਆ ਵੀ ਕੁਝ ਕੁ ਮਿੰਟਾਂ ਵਿੱਚ ਹੀ ਹੋ ਜਾਂਦੀ ਹੈ, ਜਿਵੇਂ ਜੇ ਕਿਤੇ ਅਚਾਨਕ ਦੁਰਘਟਨਾ ਵਾਪਰ ਜਾਵੇ ਜਿੱਥੇ ਮੂੰਹ ਜ਼ੁਬਾਨੀ ਗੱਲ ਕਰਕੇ ਭੀੜ ਨੂੰ ਇਕੱਠੇ ਹੋਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ ਅਤੇ ਇਹ ਕੁਝ ਘੰਟਿਆਂ ਤੱਕ ਵੀ ਹੋ ਸਕਦੀ ਹੈ, ਜਿਵੇਂ: ਕ੍ਰਿਕੇਟ ਮੈਚ ਜਿੱਥੇ ਲੋਕ ਦੇਖਣ ਆਉਂਦੇ ਹਨ ਅਤੇ ਬਾਹਰ ਜਾਂਦੇ ਰਹਿੰਦੇ ਹਨ। ਸੁਰੱਖਿਆ ਕਰਮਚਾਰੀਆਂ ਦੀਆਂ ਗਤੀਵਿਧੀਆਂ, ਉੱਥੇ ਇਕੱਠੇ ਹੋਏ ਲੋਕਾਂ ਦੀ ਸਹੀ/ਗਲਤ ਗਤੀਵਿਧੀਆਂ ਅਨੁਸਾਰ ਕੀਤੀਆਂ ਜਾਂਦੀਆਂ ਹਨ। ਭੀੜ ਨੂੰ ਕਾਬੂ ਕਰਨ ਲਈ, ਸੁਰੱਖਿਆ ਕਰਮਚਾਰੀ ਹੇਠ ਲਿਖੇ ਕਦਮ ਉਠਾ ਸਕਦੇ ਹਨ:

(ੳ) **ਅਣਚਾਹੀ ਭੀੜ ਜਿਵੇਂ:** ਦੁਰਘਟਨਾ ਵਾਲੇ ਸਥਾਨ

- x ਸੁਰੱਖਿਆ ਕਰਮਚਾਰੀਆਂ ਨੂੰ ਜਿੰਨੀ ਜਲਦੀ ਹੋ ਸਕੇ, ਸਥਾਨ ਤੇ ਪਹੁੰਚਣਾ ਚਾਹੀਦਾ ਹੈ ਅਤੇ ਇਲਾਕੇ ਦੀ ਘੇਰਾਬੰਦੀ ਕਰ ਦੇਣੀ ਚਾਹੀਦੀ ਹੈ।
- x ਅਣਚਾਹੇ ਲੋਕਾਂ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਇੱਕ ਦਮ ਤਿੱਤਰ ਬਿੱਤਰ ਹੋ ਜਾਣ ਤਾਂ ਕਿ ਭੀੜ ਵਾਲੀ ਸ਼ਕਲ ਬਣ ਹੀ ਨਾ ਸਕੇ।
- x ਜੇ ਆਵਾਜਾਈ ਪ੍ਰਭਾਵਿਤ ਹੋ ਜਾਂਦੀ ਹੈ ਤਾਂ ਇਸ ਨੂੰ ਸੁਚਾਰੂ ਰੂਪ ਨਾਲ ਚਾਲੂ ਕਰੋ।
- x ਜੇ ਕੁਝ ਵਿਅਕਤੀ, ਬਹਿਸਬਾਜ਼ੀ ਜਾਂ ਹੱਥੋਪਾਈ ਤੱਕ ਪਹੁੰਚਦੇ ਹਨ, ਉਨ੍ਹਾਂ ਨੂੰ ਇੱਕ ਪਾਸੇ ਲਿਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸ਼ਾਂਤ ਰੱਖਣਾ ਚਾਹੀਦਾ ਹੈ।

- ਜ਼ਖਮੀ ਹੋਏ ਵਿਅਕਤੀਆਂ ਨੂੰ ਉਠਾ ਕੇ ਇਕ ਪਾਸੇ ਲੈ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਪ੍ਰਦਾਨ ਕਰਕੇ ਹਸਪਤਾਲ ਲੈ ਜਾਣਾ ਚਾਹੀਦਾ ਹੈ। ਜੇ ਜ਼ਰੂਰਤ ਹੋਵੇ ਤਾਂ ਪੁਲਿਸ ਬੁਲਾ ਲੈਣੀ ਚਾਹੀਦੀ ਹੈ।

**(ਅ)** ਲੋੜੀਂਦਾ ਇਕੱਠ : **Desired assembly**

ਸੁਰੱਖਿਆ ਕਰਮਚਾਰੀਆਂ ਨੂੰ ਹੇਠ ਲਿਖੇ ਕਦਮ ਉਠਾਉਣੇ ਚਾਹੀਦੇ ਹਨ:

- ਤਜਵੀਜ਼ ਕੀਤੇ ਰੂਟ ਜਾਂ ਰਸਤੇ ਦੀ ਰੂਪ ਰੇਖਾ ਅਨੁਸਾਰ ਇਕੱਠੀ ਹੋਈ ਭੀੜ ਨੂੰ ਅੰਦਰ ਆਉਣ ਦਿਓ।
- ਆਪਣੀ ਮਰਜ਼ੀ ਨਾਲ ਇਧਰ-ਉੱਧਰ ਘੁੰਮਣ ਜਾਂ ਮਟਰ ਗਸ਼ਤੀ ਕਰਨ ਦੀ ਇਜ਼ਾਜ਼ਤ ਨਾ ਦਿਓ ਜਾਂ ਅਲੱਗ-ਅਲੱਗ ਰਸਤਿਆਂ ਰਾਹੀਂ ਆਉਣ-ਜਾਣ ਨਾ ਦਿਉ।
- ਇਕੱਠੀ ਹੋਈ ਭੀੜ ਨੂੰ ਦਿੱਤੀ ਗਈ ਜਗ੍ਹਾ, ਘੇਰੇ ਦੇ ਅੰਦਰ ਵਿੱਚ ਬੈਠਣ ਦਿਓ।
- ਜੇ ਦੇਰੀ ਕਾਰਨ ਭੀੜ ਬੇਚੈਨ ਹੋ ਰਹੀ ਹੋਵੇ ਤਾਂ ਭੀੜ ਦੇ ਪ੍ਰਬੰਧਕਾਂ ਅਤੇ ਆਯੋਜਕਾਂ ਨੂੰ ਸੂਚਿਤ ਕਰੋ।

**(ੲ) ਇਕੱਠ ਦੀ ਸਥਿਤੀ : The Assembled State.,**

ਇਸ ਸਥਿਤੀ ਵਿੱਚ, ਭੀੜ ਉਸ ਕੰਮ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੁੰਦੀ ਹੈ, ਜਿਸ ਦੇ ਕਾਰਨ ਉਹ ਇਕੱਠੀ ਹੋਈ ਹੈ। ਸੁਰੱਖਿਆ ਕਰਮਚਾਰੀਆਂ ਨੂੰ ਉਨ੍ਹਾਂ ਤੇ ਨਜ਼ਰ ਰੱਖਣੀ ਪੈਂਦੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਕਾਰਵਾਈ ਕਰਨੀ ਪੈਂਦੀ ਹੈ ਕਿ ਭੀੜ ਬੇਕਾਬੂ ਨਾ ਹੋ ਜਾਵੇ ਅਤੇ ਦੰਗਾ-ਫਸਾਦ ਨਾ ਹੋ ਜਾਵੇ।

- **ਸੁਰੱਖਿਆ ਸਟਾਫ ਵੱਲੋਂ ਕੁਝ ਕਾਰਵਾਈਆਂ ਕਰਨੀਆਂ ਚਾਹੀਦੀਆਂ ਹਨ, ਜੋ ਇਹ ਹਨ :-**
- ਭੀੜ ਨੂੰ ਧਿਆਨ ਨਾਲ ਦੇਖੋ।
- ਰੌਲ਼ੇ- ਰੱਪੇ, ਅਮਨ ਭੰਗ ਕਰਨ ਵਾਲੇ ਜਾਂ ਤੋੜ-ਫੋੜ ਕਰਨ ਵਾਲੇ ਅਤੇ ਸ਼ਰਾਬੀ ਲੋਕਾਂ ਦੇ ਵਰਤਾਓ ਵੱਲ ਪੂਰਾ ਧਿਆਨ ਦਿਉ।
- ਜੇ ਭੀੜ ਦਾ ਕੁਝ ਹਿੱਸਾ ਬੇਚੈਨ ਜਾਂ ਹਿੰਸਕ ਹੋ ਜਾਵੇ ਤਾਂ ਆਪਣੇ ਅਫ਼ਸਰਾਂ ਨੂੰ ਸੂਚਿਤ ਕਰੋ ਅਤੇ ਲੋੜ ਮੁਤਾਬਿਕ ਅਜਿਹੇ ਲੋਕਾਂ ਨੂੰ ਅਲੱਗ-ਥਲੱਗ ਕਰ ਦਿਓ।
- ਲੋਕਾਂ ਨੂੰ ਇੱਧਰ ਉੱਧਰ ਵਿਰੋਧੀ ਗਰੁੱਪਾਂ ਵਿੱਚ ਆਉਣ ਜਾਣ ਤੋਂ ਰੋਕੋ, ਜੋ ਇੱਕ ਦੂਸਰੇ ਲਈ ਘਾਤਕ ਹੋ ਸਕਦੇ ਹਨ।

**(ਸ ) ਚਲੇ ਜਾਣਾ ਜਾਂ ਖਿੱਲਰ ਜਾਣਾ: Dispersal.**

ਇਹ ਪ੍ਰਕ੍ਰਿਆ ਅਤਿ ਮਹੱਤਵਪੂਰਨ ਹੈ, ਸਥਿਤੀ ਅਨੁਸਾਰ ਜੋਸ਼ ਵੱਧ ਜਾਂ ਘੱਟ ਹੋ ਸਕਦਾ ਹੈ। ਇਹ ਕਈ ਵਾਰ ਵਾਪਸੀ ਦੇ ਸਮੇਂ ਸੁਰੱਖਿਆ ਦਾਅ ਤੇ ਲੱਗ ਜਾਂਦੀ ਹੈ ਕਿਉਂਕਿ ਹਰੇਕ ਵਿਅਕਤੀ ਘਟਨਾ ਦੇ ਸੁੱਖ ਸ਼ਾਂਤੀ ਨਾਲ਼ ਬੀਤ ਜਾਣ ਤੋਂ ਬਾਅਦ ਸੁੱਖ ਦਾ ਸਾਹ ਲੈ ਰਿਹਾ ਹੁੰਦਾ ਹੈ।

**ਸੁਰੱਖਿਆ ਕਰਮਚਾਰੀਆਂ ਨੂੰ ਹੇਠ ਲਿਖੇ ਕਦਮ ਉਠਾਉਣੇ ਚਾਹੀਦੇ ਹਨ:**

- ਵਾਪਸ ਜਾ ਰਹੀ ਜਾਂ ਤਿੱਤਰ ਬਿੱਤਰ ਹੋਈ ਭੀੜ ਨੂੰ ਤੈਅ ਸ਼ੁਦਾ ਰਸਤਿਆਂ ਤੋਂ ਹੀ ਭੇਜਣਾ ਚਾਹੀਦਾ ਹੈ ਪਟਾਕੇ ਚਲਾਉਣ, ਕਾਗਜ਼ ਜਲ੍ਹਾ ਦੇਣ ਅਤੇ ਬੋਤਲਾਂ ਸੁੱਟਣ ਆਦਿ ਦੀ ਇਜ਼ਾਜਤ ਨਾ ਦਿਓ ਕਿਉਂਕਿ ਇਹ ਦੂਸਰਿਆਂ ਨੂੰ ਜ਼ਖ਼ਮੀ ਕਰ ਸਕਦੇ ਹਨ।
- ਗੁੱਸੇ ਨਾਲ ਭਰੇ ਹੋਏ ਅਤੇ ਰੌਲਾ-ਰੱਪਾ ਪਾਉਣ ਵਾਲ਼ੇ ਵਿਅਕਤੀਆਂ ਤੇ ਪੂਰੀ ਨਜ਼ਰ ਰੱਖੋ ਅਤੇ ਜੇ ਜ਼ਰੂਰਤ ਹੋਵੇ ਤਾਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਵਾਪਸ ਭੇਜਣ ਸੰਬੰਧੀ ਕਾਰਵਾਈ ਤੇਜ਼ ਕਰੋ।
- ਲੋਕਾਂ ਦੇ ਇਕੱਠ ਜਾਂ ਭੀੜ ਵਿੱਚ ਜਾਂ ਘਟਨਾ ਵਾਲੀ ਥਾਂ ਦੇ ਨੇੜੇ ਮਹੱਤਵਪੂਰਨ ਵਿਅਕਤੀਆਂ ਦੇ ਇਕੱਠੇ ਹੋਣ ਦੀ ਇਜ਼ਾਜਤ ਬਿਲਕੁਲ ਨਾ ਦਿਓ ਕਿਉਂਕਿ ਇਸ ਨਾਲ ਸਮਰਥਕ ਜਾਂ ਵਿਰੋਧੀ ਪੱਖ ਦੇ ਲੋਕਾਂ ਦੇ ਜਜ਼ਬਾਤ ਭੜਕ ਸਕਦੇ ਹਨ।
- ਲੋਕਾਂ ਨੂੰ ਜ਼ਖ਼ਮੀ ਕਰ ਦੇਣ ਜਾਂ ਨੁਕਸਾਨ ਪਹੁੰਚਾਉਣ ਵਾਲੀਆਂ ਗਤੀਵਿਧੀਆਂ ਦੀ ਆਗਿਆ ਨ ਦਿਉ। ਜਿਵੇਂ: ਪਟਾਕੇ ਚਲਾਉਣਾ ਕਾਗਜ ਜਲਾਉਣਾ, ਬੋਤਲਾਂ ਸੁੱਟਣਾ ਆਦਿ।

## ਅਭਿਆਸ EXERCISE

### Case Based Problem

**ਸਥਿਤੀ ਤੇ ਆਧਾਰਿਤ ਸਮੱਸਿਆ** : - ਹੇਠ ਲਿਖੀ ਸਥਿਤੀ ਬਾਰੇ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਿਖੋ : ਦੋ ਗਰੁੱਪ ਬਣਾਓ ਉਨ੍ਹਾਂ ਵਿੱਚੋਂ ਇੱਕ ਗਰੁੱਪ ਬਾਹਰ ਚਲੇ ਜਾਂਦਾ ਹੈ ਅਤੇ ਜੌਮਾਤ ਵਿੱਚ ਦਾਖਲ ਹੋਣ ਵਾਲ਼ੇ ਦਰਵਾਜੇ ਕੋਲ ਖੜ੍ਹ ਕੇ ਨਾਹਰੇ ਮਾਰਨ ਲੱਗ ਪੈਂਦਾ ਹੈ ਅਤੇ ਪਰੇਸ਼ਾਨੀ ਪੈਦਾ ਕਰਨ ਵਾਲ਼ਾ ਜਾਂ ਹਮਲਾਵਰ ਜਿਹਾ ਜਾਪਣ ਲੱਗ ਪੈਂਦਾ ਹੈ। ਜਮਾਤ ਵਿੱਚ ਬੈਠਾ ਹੋਇਆ ਗਰੁੱਪ ਸੁਰੱਖਿਆ ਕਰਮਚਾਰੀਆਂ ਵੱਜੋਂ ਹੋਵੇਗਾ ਜੋ ਭੀੜ ਨੂੰ ਕਾਬੂ ਕਰੇਗਾ। ਸੁਰੱਖਿਆ ਕਰਮਚਾਰੀਆਂ ਦੀ ਭੂਮਿਕਾ ਨਿਭਾਉਣ ਵਾਲੇ ਗਰੁੱਪ ਨੂੰ ਸਮਝਾਓ ਕਿ ਉਨ੍ਹਾਂ ਨੇ ਕੀ ਕਰਨਾ ਹੈ ਅਤੇ ਭੀੜ ਨੂੰ ਤਿੱਤਰ ਬਿੱਤਰ ਕਰਨ ਲਈ ਜਾਂ ਕੰਟਰੋਲ ਕਰਨ ਲਈ ਕਿਹੜੀਆਂ ਕਿਹੜੀਆਂ ਵਿਧੀਆਂ ਜਾਂ ਜੁਗਤਾਂ ਦੀ ਵਰਤੋਂ ਕਰਨੀ ਹੈ।

<u>ਯਾਦ ਰੱਖਣ ਯੋਗ ਨੁਕਤੇ **Points to Remember**</u>

- ਭੀੜ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦੇ ਦਰਮਿਆਨ ਗੇਟ ਤੇ ਆਵਾਜਾਈ ਨੂੰ ਕਾਬੂ ਕਰਨਾ ਜਾਂ ਉਨ੍ਹਾਂ ਦੀ ਸੁਰੱਖਿਆ ਕਰਨਾ।
- ਜਦੋਂ ਕੋਈ ਪ੍ਰਦਰਸ਼ਨ ਕੀਤੇ ਜਾਂਦੇ ਹਨ, ਉਸ ਵੇਲੇ ਪ੍ਰੈੱਸ ਵਾਲੇ ਮੌਜ਼ੂਦ ਹੁੰਦੇ ਹਨ।
- ਸਮੇਂ-ਸਮੇਂ ਤੇ ਲਗਾਤਾਰ ਪ੍ਰਬੰਧਕਾਂ ਨੂੰ ਸਥਿਤੀ ਬਾਰੇ ਜਾਣਕਾਰੀ ਦੇਣਾ।

## ਮੁਲਾਂਕਣ ASSESSMENT

### ੳ. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :- Short Answer Questions

1. ਇਕੱਠ/ਭੀੜ ਨੂੰ ਕਾਬੂ ਕਰਨ ਤੋਂ ਤੁਸੀਂ ਕੀ ਸਮਝਦੇ ਹੋ ?

2. ਗਤੀਸ਼ੀਲਤਾ/ ਇਕੱਠ ਜਾਂ ਭੀੜ ਦਾ ਇਕੱਤਰ ਹੋਣਾ ਕੀ ਹੈ ?

3. ਭੀੜ ਇਕੱਠੀ ਹੁੰਦੇ ਸਮੇਂ ਸੁਰੱਖਿਆ ਕਰਮਚਾਰੀਆਂ ਨੂੰ ਕੀ ਕੀ ਕਦਮ ਉਠਾਉਣੇ ਚਾਹੀਦੇ ਹਨ ?

4. ਭੀੜ ਨੂੰ ਤਿੱਤਰ-ਬਿੱਤਰ ਕਰਦੇ ਸਮੇਂ ਸੁਰੱਖਿਆ ਕਰਮਚਾਰੀਆਂ ਨੂੰ ਕਿਹੜੇ-ਕਿਹੜੇ ਕਦਮ ਉਠਾਉਣੇ ਚਾਹੀਦੇ ਹਨ ?

________________________________________________

________________________________________________

________________________________________________

________________________________________________

________________________________________________

5. ਲੋਕਾਂ ਦੇ ਇਕੱਠਾ ਹੋ ਜਾਣ ਦੀ ਕੀ ਪ੍ਰਕ੍ਰਿਆ ਹੈ ?

________________________________________________

________________________________________________

________________________________________________

________________________________________________

________________________________________________

6. ਇਕੱਠ/ਭੀੜ ਦੀਆਂ ਘੱਟ ਤੋਂ ਘੱਟ ਪੰਜ ਵਿਸ਼ੇਸ਼ਤਾਵਾਂ ਲਿਖੋ :

(I)_______
(ii)_______
(iii)_______
(iv)_______
(v)________

7. ਕਿਸੇ ਵੀ ਘਟਨਾ ਵਾਪਰਨ ਤੋਂ ਪਹਿਲਾਂ ਕਿਸੇ ਸੰਸਥਾ ਜਾਂ ਅਦਾਰੇ ਦੇ ਸੁਰੱਖਿਆ-ਵਿਭਾਗ ਨੂੰ ਭੀੜ ਨੂੰ ਕਾਬੂ ਕਰਨ ਲਈ ਕੀ-ਕੀ ਤਿਆਰੀਆਂ ਕਰਨੀਆਂ ਚਾਹੀਦੀਆਂ ਹਨ।

(I)_________
(ii)_________
(iii)________
(iv)________
(v)________

8. ਜਦੋਂ ਕੋਈ ਫਿਲਮੀ-ਸਿਤਾਰਾ ਅਦਾਰੇ ਵਿੱਚ ਆਉਂਦਾ ਹੈ ਤਾਂ ਅਣਚਾਹੀ ਭੀੜ ਨੂੰ ਕਾਬੂ ਕਰਨ ਲਈ, ਕਿਹੜੇ-ਕਿਹੜੇ ਕਦਮ ਉਠਾਉਣੇ ਚਾਹੀਦੇ ਹਨ।ਕੀਤੇ ਗਏ ਪ੍ਰਬੰਧ ਜਾਂ ਉਠਾਏ ਗਏ ਕਦਮਾਂ ਦੀ ਸੂਚੀ ਬਣਾਓ।

________________________________________
________________________________________
________________________________________
________________________________________

9. ਗਲੀ ਵਿੱਚ ਬਹੁਤ ਸਾਰੇ ਲੋਕ ਜਾਦੂ ਦਾ ਤਮਾਸ਼ਾ ਦੇਖ ਰਹੇ ਹਨ ਅਤੇ ਲੋਕਾਂ ਦਾ ਇੱਕ ਟੋਲਾ ਜੇਬ ਕਤਰੇ ਦੇ ਕੋਲ ਆ ਕੇ ਇਕੱਠਾ ਹੋ ਗਿਆ ਹੈ।ਇਸ ਭੀੜ ਨੇ ਜੇਬ ਕਤਰੇ ਨੂੰ ਪਰਸ ਚੋਰੀ ਕਰਦੇ ਹੋਏ ਰੰਗੇ ਹੱਥੀ ਫੜ ਲਿਆ ਹੈ।ਇਸ ਭੀੜ ਤੋਂ ਜੇਬ ਕਤਰੇ ਲਈ ਕੀ ਕੀ ਪਰੇਸ਼ਾਨੀਆਂ ਜਾਂ ਖਤਰੇ ਪੈਦਾ ਹੋ ਸਕਦੇ ਹਨ ?

________________________________________
________________________________________
________________________________________
________________________________________
________________________________________
________________________________________
________________________________________
________________________________________

10. ਮੁੱਖ ਘਟਨਾ ਵਾਪਰ ਜਾਣ ਤੋਂ ਬਾਅਦ ਭੀੜ ਦੇ ਤਿੱਤਰ ਬਿੱਤਰ ਹੋਣ ਦੇ ਦੌਰਾਨ ਕਿਹੜੀਆਂ ਕਿਹੜੀਆਂ ਸਾਵਧਾਨੀਆਂ ਵਰਤਣ ਦੀ ਜ਼ਰੂਰਤ ਹੈ।

(I)_________
(ii)_________
(iii)_________
(iv)_________

## ਮੁਲਾਂਕਣ ਲਈ ਨਕਤਿਆਂ ਦੀ ਸੂਚੀ CHECKLIST OF ASSESSMENT ACTIVITY

ਹੇਠ ਲਿਖੀ ਸੂਚੀ ਦੀ ਵਰਤੋਂ ਕਰੋ ਅਤੇ ਦੇਖੋ ਕਿ ਕੀ ਤੁਸੀਂ ਮੁਲਾਂਕਣ ਸੰਬੰਧੀ ਜ਼ਰੂਰਤਾਂ ਪੂਰੀਆਂ ਕਰ ਲਈਆਂ ਹਨ।

ਭਾਗ ੳ **Part A**

(ੳ) ਲੋੜੀਂਦੀ ਅਤੇ ਅਣਚਾਹੀ ਭੀੜ ਵਿੱਚ ਅੰਤਰ ਦਰਸਾਇਆ ਗਿਆ ।
(ਅ) ਇਕੱਠੇ ਹੋਏ ਲੋਕਾਂ ਵਾਲੀ ਸਥਿਤੀ ਅਤੇ ਤਿੱਤਰ-ਬਿੱਤਰ ਹੋਣ ਵਾਲੀ ਸਥਿਤੀ ਵਿੱਚ ਅੰਤਰ ਸਮਝਾਇਆ ਗਿਆ।
(ੲ) ਉਦਾਸੀਨ ਜਾਂ ਸ਼ਾਂਤ ਅਤੇ ਹਿੰਸਕ ਭੀੜ ਵਿੱਚ ਅੰਤਰ ਸਮਝਾਇਆ ਗਿਆ।

**ਭਾਗ ਅ Part B**

ਜਮਾਤ ਵਿੱਚ ਹੇਠ ਲਿਖੇ ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

(ੳ) ਅਣਚਾਹੀ ਇਕੱਠੀ ਹੋਈ ਭੀੜ ਨੂੰ ਕੰਟਰੋਲ ਕਰਨ ਦੀ ਜ਼ਰੂਰਤ ਕਿਉਂ ਹੁੰਦੀ ਹੈ ?
(ਅ) ਅਣਚਾਹੀ ਭੀੜ ਨੂੰ ਕਾਬੂ ਕਰਨ ਵਿੱਚ ਕਿਹੜੇ-ਕਿਹੜੇ ਕਾਨੂੰਨੀ ਪੱਖ ਸ਼ਾਮਲ ਹਨ ?

**ਭਾਗ ੲ Part C**

ਕਾਰਗੁਜ਼ਾਰੀ ਦੇ ਪੱਧਰ **Performance standards**

ਕਾਰਗੁਜ਼ਾਰੀ ਦੇ ਪੱਧਰਾਂ ਵਿੱਚ ਹੇਠ ਲਿਖਿਤ ਸ਼ਾਮਿਲ ਕੀਤਾ ਜਾ ਸਕਦਾ ਹੈ, ਪਰੰਤੂ ਇੱਥੋਂ ਸੀਮਿਤ ਨਹੀਂ ਹੈ:

| ਕਾਰਗੁਜ਼ਾਰੀ ਦੇ ਪੱਧਰ **Performance standards** | ਹਾਂ **Yes** | ਨਹੀਂ **No** |
|---|---|---|
| ਅਣਚਾਹੀ ਭੀੜ ਨੂੰ ਕੰਟਰੋਲ ਕਰਨ ਵਾਲੇ ਗਿਆਨ ਦਾ ਪ੍ਰਦਰਸ਼ਨ ਕਰੋ। | | |

## ਕਾਰਜਕਾਲ 6: ਬੇਕਾਬੂ ਭੀੜ ਨੂੰ ਸੰਭਾਲਣਾ ਜਾਂ ਕਾਬੂ ਕਰਨਾ UNRULY CROWD MANAGING

### ਢੁੱਕਵਾਂ ਗਿਆਨ RELEVANT KNOWLEDGE

ਹਮੇਸ਼ਾ ਇਹ ਸੰਭਾਵਨਾ ਰਹਿੰਦੀ ਹੈ ਕਿ ਭੀੜ ਬੇਕਾਬੂ ਹੋ ਸਕਦੀ ਹੈ ਅਤੇ ਦੰਗੇ ਭੜਕ ਸਕਦੇ ਹਨ। ਨਿੱਜੀ ਸੁਰੱਖਿਆ ਕਰਮਚਾਰੀਆਂ ਕੋਲ ਪੁਲਿਸ ਵਾਲੀਆਂ ਸ਼ਕਤੀਆਂ ਨਹੀਂ ਹੁੰਦੀਆਂ। ਇਸ ਲਈ ਭੜਕੀ ਹੋਈ ਭੀੜ ਨੂੰ ਕਾਬੂ ਕਰਨਾ ਉਨ੍ਹਾਂ ਲਈ ਅਸੰਭਵ ਹੁੰਦਾ ਹੈ। ਉਨ੍ਹਾਂ ਦਾ ਪ੍ਰਮੁੱਖ ਉਦੇਸ਼ ਭੀੜ ਨੂੰ ਬੇਕਾਬੂ ਹੋਣ ਤੋਂ ਰੋਕਣਾ ਹੈ ਅਤੇ ਉਨ੍ਹਾਂ ਨੂੰ ਹੇਠ ਲਿਖਿਤ ਨਿਰਦੇਸ਼ਾਂ ਦਾ ਪਾਲਣ ਯਕੀਨੀ ਬਣਾਉਣਾ ਪੈਂਦਾ ਹੈ, ਜਦੋਂ ਉਹ ਭੀੜ ਨੂੰ ਕਾਬੂ ਕਰ ਰਹੇ ਹੋਣ।

- **ਕਿਸੇ ਦਾ ਪੱਖ ਨਾ ਲਉ : Do not take sides:**

  ਸੁਰੱਖਿਆ ਕਰਮਚਾਰੀਆਂ ਦਾ ਉਦੇਸ਼ ਜਾਂ ਟੀਚਾ ਭੀੜ ਨੂੰ ਕੰਟਰੋਲ ਕਰਨਾ ਹੈ ਅਤੇ ਅਮਨ ਅਤੇ ਕਾਨੂੰਨ ਨੂੰ ਬਣਾਈ ਰੱਖਣਾ ਹੈ। ਉਨ੍ਹਾਂ ਦੇ ਆਪਣੇ ਵਿਸ਼ਵਾਸ਼ਾਂ ਅਤੇ ਮੁੱਦਿਆਂ ਦਾ ਉਨ੍ਹਾਂ ਦੇ ਵਤੀਰੇ ਤੇ ਪ੍ਰਭਾਵ ਨਹੀਂ ਪੈਣਾ ਚਾਹੀਦਾ।

- **ਸ਼ਾਂਤ ਰਹੋ : Remina Calm:**

  ਵਿਰੋਧ ਪ੍ਰਗਟ ਕਰਨ ਵਾਲੀ ਭੀੜ ਅਕਸਰ ਸੁਰੱਖਿਆ ਕਰਮਚਾਰੀਆਂ ਦਾ ਮਜ਼ਾਕ ਉਡਾਉਦੀ ਹੈ ਅਤੇ ਉਨ੍ਹਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰਦੀ ਹੈ, ਪਰ ਉਨ੍ਹਾਂ ਨੂੰ ਹਮੇਸ਼ਾ ਸ਼ਾਂਤ ਰਹਿਣਾ ਚਾਹੀਦਾ ਹੈ ਅਤੇ ਬਦਲੇ ਦੀ ਕਾਰਵਾਈ ਨਹੀਂ ਕਰਨੀ ਚਾਹੀਦੀ ਜਾਂ ਗਲਤ ਅਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਿਸੇ ਵੀ ਹਾਲਤ ਵਿੱਚ ਨਹੀਂ ਕਰਨੀ ਚਾਹੀਦੀ ਹੈ।

- **ਕਾਨੂੰਨ ਦੀ ਵਰਤੋਂ ਕਰੋ Use the law:**

  ਸੁਰੱਖਿਆ ਕਰਮਚਾਰੀਆਂ ਨੂੰ ਨਿਯਮਾਂ ਅਤੇ ਕਾਨੂੰਨਾਂ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਸ਼ਾਂਤੀ ਨਾਲ ਅਲੱਗ ਕਰ ਦਿਓ। ਜ਼ਰੂਰਤ ਪੈਣ ਤੇ ਪੁਲਿਸ ਦੀ ਮੱਦਦ ਲਈ ਜਾ ਸਕਦੀ ਹੈ।

- **ਸਹਿਯੋਗ :- Coperation:**

  ਸੁਰੱਖਿਆ ਕਰਮਚਾਰੀ ਸਹਿਯੋਗ ਦੇਣ ਵਾਲ਼ੇ ਨੇਤਾਵਾਂ ਦੀ ਮੱਦਦ ਲੈ ਸਕਦੇ ਹਨ।

ਸੁਰੱਖਿਆ ਕਰਮਚਾਰੀਆਂ ਵੱਲੋਂ ਰੋਕਣ ਸਬੰਧੀ ਕਦਮਾਂ ਦੀ ਪਰਵਾਹ ਨਾ ਕਰਕੇ ਅਕਸਰ ਭੀੜ ਬੇਕਾਬੂ ਹੋ ਜਾਂਦੀ ਹੈ ਅਤੇ ਗੜਬੜ ਕਰਨਤੇ ਉਤਾਰੂ ਹੋ ਜਾਂਦੀ ਹੈ, ਵਿਸ਼ੇਸ਼ ਤੌਰ ਤੇ ਵਿਰੋਧ ਪ੍ਰਦਰਸ਼ਨ ਕਰਨ ਵਾਲੀ ਭੀੜ ਅਕਸਰ ਅਜਿਹੀ ਸਥਿਤੀ ਪੈਦਾ ਕਰ ਦਿੰਦੀ ਹੈ। ਇਸ ਨਾਲ ਦੰਗਾ-ਫਸਾਦ ਹੋ ਸਕਦਾ ਹੈ। ਇਸ ਲਈ ਬਹੁ-ਗਿਣਤੀ ਵਿੱਚ ਸੁਰੱਖਿਆ ਕਰਮਚਾਰੀਆਂ ਦੀ ਲੋੜ ਪੈ ਸਕਦੀ ਹੈ। ਅਜਿਹੇ ਮੌਕੇ ਪੁਲਿਸ ਨੂੰ ਸੂਚਿਤ ਕਰ ਦੇਣਾ ਚਾਹੀਦਾ ਹੈ। ਕਿਸੇ ਵੀ ਹਾਲਤ ਵਿੱਚ ਤਾਕਤ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਭੀੜ ਨੂੰ ਕਾਬੂ ਕਰਨ ਦੇ ਕੁੱਝ ਤਰੀਕੇ, ਜੋ ਵਰਤੇ ਜਾ ਸਕਦੇ ਹਨ, ਉਹ ਹੇਠ ਲਿਖੇ ਹਨ :

x **ਨੇਤਾਵਾਂ ਨੂੰ ਪਰੇ ਹਟਾ ਦਿਓ ਜਾਂ ਭੀੜ ਤੋਂ ਦੂਰ ਲੈ ਜਾਉ :- Remove the Leaders:**

ਭੀੜ ਨੂੰ ਪ੍ਰੇਰਿਤ ਕਰਨ ਵਾਲੇ ਜਾਂ ਉਕਸਾਉਣ ਵਾਲੇ ਨੇਤਾਵਾਂ ਨੂੰ ਪਰੇ ਲੈ ਜਾਉ ਜਾਂ ਉਨ੍ਹਾਂ ਨੂੰ ਭੀੜ ਤੋਂ ਅਲੱਗ ਕਰ ਦਿਓ। ਇਸ ਨਾਲ ਭੀੜ ਦੇ ਖਿੰਡ ਜਾਣ ਵਿੱਚ ਮੱਦਦ ਮਿਲਦੀ ਹੈ। ਬਹੁਤ ਹੀ ਜ਼ਿਆਦਾ ਗੁੱਸੇ ਵਾਲੇ ਅਤੇ ਤੇਜ਼ ਤਰਾਰ ਬੋਲਣ ਵਾਲੇ ਨੇਤਾਵਾਂ ਨੂੰ ਸਿਰਫ਼ ਉਸ ਵੇਲੇ ਹੀ ਅਲੱਗ ਕਰੋ ਜਦੋਂ ਤੁਹਾਡੇ ਕੋਲ ਕਾਫ਼ੀ ਸੁਰੱਖਿਆ ਕਰਮਚਾਰੀ ਹੋਣ ਅਤੇ ਕੋਈ ਵੀ ਕਰਮਚਾਰੀ ਇਕੱਲਾ ਆਪਣੇ ਪੱਧਰ ਤੇ ਅਜਿਹਾ ਬਿਲਕੁਲ ਨਾ ਕਰੇ। ਕਿਸੇ ਵੀ ਹਾਲਤ ਵਿੱਚ ਤਾਕਤ ਦੀ ਵਰਤੋਂ ਨਾ ਕਰੋ।

x ਨੇਤਾ ਦੀ ਵਰਤੋਂ ਕਰੋ:- **Useleader:**

ਇਕ ਰਾਜਨੇਤਾ ਜਾਂ ਸਿਆਸੀ ਵਿਅਕਤੀ, ਮਜ਼ਦੂਰਾਂ ਦਾ ਨੇਤਾ, ਧਾਰਮਿਕ ਗੁਰੂ, ਫਿਲਮ-ਸਟਾਰ ਜਾਂ ਹੋਰ ਇਜ਼ਤਦਾਰ ਵਿਅਕਤੀ ਪੂਰੀ ਕਾਮਯਾਬੀ ਨਾਲ ਲੋਕਾਂ ਨੂੰ ਪ੍ਰੇਰਿਤ ਕਰ ਸਕਦਾ ਹੈ ਕਿ ਅਮਨ-ਕਾਨੂੰਨ ਕਾਇਮ ਰੱਖਿਆ ਜਾਵੇ। ਭੀੜ ਇਕੱਠੀ ਹੋਣ ਦੇ ਕਾਰਨਾਂ ਅਤੇ ਸ਼ੁਰੂਆਤ ਦੇ ਆਧਾਰ ਤੇ ਕੋਈ ਢੁੱਕਵੀਂ ਲੋਕ ਸਖਸ਼ੀਅਤ ਜਾਂ ਕੋਈ ਅਫ਼ਸਰ ਭੀੜ ਦੇ ਜੋਸ਼ ਅਤੇ ਜਜ਼ਬਾਤ ਨੂੰ ਸ਼ਾਂਤ ਰੱਖਣ ਵਿੱਚ ਕਾਫ਼ੀ ਮੱਦਦ ਕਰ ਸਕਦਾ ਹੈ।

x **ਭੀੜ ਨੂੰ ਅਲੱਗ-ਅਲੱਗ ਭਾਗਾਂ ਜਾਂ ਟੁਕੜਿਆਂ ਵਿੱਚ ਵੰਡ ਦਿਉ: Fragment the crowd:**

ਇਹ ਭੀੜ ਨੂੰ ਕਾਬੂ ਕਰਨ ਦਾ ਇੱਕ ਬਹੁਤ ਹੀ ਅਸਰਦਾਰ ਤਰੀਕਾ ਹੈ। ਇਸ ਨੂੰ ਮੁੱਖ ਤੌਰ ਤੇ ਭੀੜ ਦੇ ਇਕੱਠੇ ਹੋਣ ਸਮੇਂ ਹੀ ਵਰਤਣਾ ਚਾਹੀਦਾ ਹੈ। ਸੁਰੱਖਿਆ ਕਰਮਚਾਰੀ ਜੋ ਭੀੜ ਨੂੰ ਅਲੱਗ-ਅਲੱਗ ਇਲਾਕਿਆਂ ਵਿੱਚ ਡੰਡਿਆ ਦੀ ਰੋਕ, ਵਾੜ ਆਦਿ ਦੀ ਮਦਦ ਨਾਲ ਨਿਰਦੇਸ਼ ਦੇ ਕੇ ਭੇਜ ਰਹੇ ਹੁੰਦੇ ਹਨ, ਤਾਂ ਉਹ ਉਸ ਵੇਲੇ ਭੀੜ ਨੂੰ ਛੋਟੇ- ਛੋਟੇ ਸਮੂਹਾਂ ਵਿੱਚ ਵੰਡ ਰਹੇ ਹੁੰਦੇ ਹਨ।

x **ਧਿਆਨ ਲਾਂਭੇ ਕਰਨਾ ਜਾਂ ਧਿਆਨ ਹੋਰ ਪਾਸੇ ਕਰ ਦੇਣਾ : - Diverting attention:**

ਲੋਕਾਂ ਨੂੰ ਤਿੱਤਰ-ਬਿੱਤਰ ਹੋ ਜਾਣ ਅਤੇ ਘਰ ਚਲੇ ਜਾਣ ਲਈ ਕਹਿਣ ਵਿੱਚ ਜਨਤਕ ਸੰਬੋਧਨ ਸਿਸਟਮ ਕਾਫ਼ੀ ਮੱਦਦ ਕਰ ਸਕਦਾ ਹੈ। ਭੀੜ ਦਾ ਧਿਆਨ ਨੇਤਾਵਾਂ ਜਾਂ ਭੀੜ ਵਾਲੇ ਲੋਕਾਂ ਦੀਆਂ ਭੜਕਾਊ ਤਕਰੀਰਾਂ ਤੋਂ ਪਰ੍ਹਾਂ ਕਰਨ ਲਈ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ।

x **ਮੁੱਖ ਮੁੱਦਿਆਂ ਤੇ ਧਿਆਨ ਕ਼ੇਂਦਰਿਤ ਨਾ ਕਰਨ ਦੇਣਾ:- Changing Focus**

ਭੀੜ ਨਾਲ ਸਬੰਧਿਤ ਲੋਕ ਆਮ ਤੌਰ ਤੇ ਆਪਣਾ ਧਿਆਨ ਭੀੜ ਦੇ ਉਦੇਸ਼ਾਂ ਤੇ ਕੇਂਦਰਿਤ ਕਰਦੇ ਹਨ। ਭੀੜ ਉੱਤੇ ਸਿੱਧਾ ਹਮਲਾ ਕਰਨ ਦੀ ਬਜਾਏ ਥੋੜ੍ਹੇ-ਥੋੜ੍ਹੇ ਬੰਦਿਆਂ ਦੀ ਗ੍ਰਿਫ਼ਤਾਰੀ ਕਰਦੇ ਰਹਿਣਾ ਚਾਹੀਦਾ ਹੈ। ਭੀੜ ਦੇਖਦੀ ਹੈ ਕਿ ਕਾਫ਼ੀ ਬੰਦੇ ਗ੍ਰਿਫ਼ਤਾਰ ਕੀਤੇ ਜਾ ਰਹੇ ਹਨ। ਸੱਚੀ ਗੱਲ ਇਹ ਹੈ ਕਿ ਕਦੇ-ਕਦੇ ਕੀਤੀਆਂ

ਜਾਣ ਵਾਲੀਆਂ ਗ੍ਰਿਫ਼ਤਾਰੀਆਂ ਉਨ੍ਹਾਂ ਵਿੱਚ ਡਰ ਪੈਦਾ ਕਰਦੀਆਂ ਹਨ ਕਿ ਉਹ ਹੁਣ ਸੁਰੱਖਿਅਤ ਨਹੀਂ ਹਨ ਅਤੇ ਉਨ੍ਹਾਂ ਦਾ ਧਿਆਨ ਸਮੂਹ ਦੇ ਉਦੇਸ਼ਾਂ ਤੋਂ ਹਟ ਕੇ ਉਹਨਾਂ ਦੀ ਆਪਣੀ ਸੁਰੱਖਿਆ ਤੇ ਕੇਂਦਰਿਤ ਹੋ ਜਾਂਦਾ ਹੈ।

x ਦਹਿਸ਼ਤ ਨੂੰ ਰੋਕੋ- **Prevent Panic:**

ਭੀੜ ਵਿੱਚ ਘਬਰਾਹਟ ਪੈਦਾ ਹੋ ਜਾਣ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਡਰ ਜਾਂ ਇਹ ਖ਼ਬਰ ਹੈ ਕਿ ਅੰਦਰ ਆਉਣ ਅਤੇ ਬਾਹਰ ਜਾਣ ਵਾਲੇ ਰਸਤੇ ਬੰਦ ਕਰ ਦਿੱਤੇ ਗਏ ਹਨ। ਸੁਰੱਖਿਆ ਕਰਮਚਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬਾਹਰ ਜਾਣ ਵਾਲੇ ਰਸਤੇ ਬੰਦ ਨਹੀਂ ਕੀਤੇ ਗਏ ਅਤੇ ਭੀੜ ਨੂੰ ਵਧੀਆ ਢੰਗ ਨਾਲ ਬਾਹਰ ਭੇਜਣ ਲਈ, ਜ਼ਰੂਰੀ ਕਦਮ ਉਠਾਉਣੇ ਚਾਹੀਦੇ ਹਨ। ਬਾਹਰ ਜਾਣ ਲਈ ਵਾਧੂ ਗੇਟ ਖੋਲ੍ਹ ਦੇਣੇ ਚਾਹੀਦੇ ਹਨ ਅਤੇ ਭੀੜ ਨੂੰ ਚਲੇ ਜਾਣ ਲਈ ਪ੍ਰੇਰਿਤ ਕਰਨ ਲਈ ਵਾਰ-ਵਾਰ ਐਲਾਨ ਕਰਨੇ ਚਾਹੀਦੇ ਹਨ। ਭੀੜ ਨੂੰ ਬਾਹਰ ਜਾਣ ਵਾਲੇ ਰਸਤੇ ਦੇ ਬੰਦ ਹੋਣ ਵਾਲੇ ਜਾਂ ਲੋਕਾਂ ਦੇ ਜ਼ਖ਼ਮੀ ਹੋ ਜਾਣ ਦੇ ਐਲਾਨ ਨਹੀਂ ਕਰਨੇ ਚਾਹੀਦੇ ਕਿਉਂ ਕਿ ਅਜਿਹਾ ਕਰਨ ਨਾਲ ਲੋਕਾਂ ਵਿੱਚ ਹੋਰ ਜ਼ਿਆਦਾ ਡਰ ਅਤੇ ਅਸ਼ਾਂਤੀ ਫੈਲੇਗੀ।

ਭੀੜ ਨੂੰ ਕੰਟਰੋਲ ਕਰਨਾ ਇੱਕ ਬਹੁਤ ਹੀ ਨਾਜ਼ਕ ਅਤੇ ਕਠਿਨ ਕਾਰਵਾਈ ਹੈ, ਜਿਸ ਨੂੰ ਪੂਰੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ। ਕਦੇ-ਕਦੇ ਇਕ ਕਾਮਯਾਬ ਢੰਗ ਨਾਲ ਭੀੜ ਨੂੰ ਕਾਬੂ ਕਰਨ ਅਤੇ ਭੀੜ ਦੇ ਤਿੱਤਰ-ਬਿੱਤਰ ਹੋਣ ਜਾਂ ਚਲੇ ਜਾਣ ਦਾ ਨਤੀਜਾ ਇੱਕ ਅਜਿਹੀ ਬਚ ਕੇ ਦੌੜਨ ਵਾਲੀ ਭੀੜ ਹੁੰਦੀ ਹੈ ਜੋ ਘਟਨਾ-ਸਥਾਨ ਤੋਂ ਇਸ ਲਈ ਦੌੜਦੀ ਹੈ ਕਿ ਉਸ ਨੂੰ ਕਿਸੇ ਅਣਹੋਣੀ ਹੋ ਜਾਣ ਦਾ ਡਰ ਹੁੰਦਾ ਹੈ। ਅਜਿਹੀ ਭੀੜ ਬਿਨ੍ਹਾਂ ਕਿਸੇ ਨੇਤਾ ਦੀ ਅਗਵਾਈ ਅਤੇ ਬਿਲਕੁਲ ਗੈਰ ਜਥੇਬੰਦ ਭੀੜ ਹੁੰਦੀ ਹੈ, ਜਿਸ ਦਾ ਹਰੇਕ ਵਿਅਕਤੀ ਇੱਕ ਹੀ ਇੱਛਾ ਤੋਂ ਪ੍ਰੇਰਿਤ ਹੋਇਆ ਹੁੰਦਾ ਹੈ ਕਿ ਉਸ ਨੇ ਕਿਵੇਂ ਬਚ ਕੇ ਨਿਕਲਣਾ ਹੈ। ਇਸ ਪ੍ਰਕਾਰ ਦੀ ਭੀੜ ਨੂੰ ਕਾਬੂ ਕਰਨ ਵਿੱਚ ਸੱਭ ਤੋਂ ਵੱਡਾ ਖਤਰਾ ਉਸ ਵੇਲੇ ਹੁੰਦਾ ਹੈ, ਜਦੋਂ ਭੀੜ ਵਾਪਸ ਜਾ ਰਹੀ ਹੋਵੇ ਅਤੇ ਉਸ ਦਾ ਡਰ, ਬੇਚੈਨੀ ਅਤੇ ਬਦਹਵਾਸੀ ਖ਼ਤਰਨਾਕ ਪੱਧਰ ਤੱਕ ਹੋ ਗਈ ਹੋਵੇ। ਇਸ ਗੱਲ ਵੱਲ ਬਹੁਤ ਜ਼ਿਆਦਾ ਧਿਆਨ ਦੇਣ ਦੀ ਜ਼ਰੂਰਤ ਹੈ ਅਤੇ ਇਹ ਗੱਲ ਯਕੀਨੀ ਬਣਾਈ ਜਾਵੇਂ ਕਿ ਭੀੜ ਦੇ ਵਾਪਸ ਜਾਣ ਵੇਲੇ ਇਹ ਇੱਕ ਬੇਕਾਬੂ ਅਤੇ ਆਪਣੇ ਬਚਾਅ ਲਈ ਬੇਚੈਨੀ ਵਾਲੀ ਸਥਿਤੀ ਵਿੱਚ ਨਾ ਪਹੁੰਚੇ, ਸਗੋਂ ਉਹ ਬਿਲਕੁਲ ਕੁਦਰਤੀ ਢੰਗ ਨਾਲ ਅਤੇ ਆਰਾਮ ਨਾਲ ਵਾਪਸ ਚਲੀ ਜਾਵੇ।